

# ਅੰਮ੍ਰਿਤ ਕੀਰਤਨ

ੴ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ : 10 ਰੁਪਏ ਜੂਨ 1998

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 6 ਸਾਲ ਦਸਵਾਂ ਜੂਨ 1998



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ.

ਕਾਰਜਕਾਰੀ ਸੰਪਾਦਕ

ਡਾ. ਤ੍ਰਿਲੋਚਨ ਸਿੰਘ ਤਰਸੀ

ਸਹਿਯੋਗੀ

ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਜੋਤਿੰਦਰ ਸਿੰਘ ਸੋਹਲ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ

ਕਵਰ ਚਿੱਤਰ : ਬਬਲੀ ਐਸ. ਸਿੰਘ

ਲੇ ਆਉਟ : ਸੋਹਲ ਸਪੈਸ਼ਲਸ

ਸਰਪ੍ਰਸਤ
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051 ਸੈਕਟਰ 27 ਬੀ,
ਚੰਡੀਗੜ੍ਹ
ਫੋਨ- 650696



ਮਿੱਤਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਆਦਰਸ਼ ਕੀਰਤਨੀਏ ਦੇ ਗੁਣ 4
ਡਾ. ਜਾਗੀਰ ਸਿੰਘ

ਤੰਤੀ ਸਾਜ਼ ਤੇ ਗੁਰਮਤਿ ਸੰਗੀਤ 7
ਬੇਦੀ ਲਾਲ ਸਿੰਘ ਸਾਹਿਤਕਾਰ

ਸ਼ਾਹ ਹੁਸੈਨ ਦਾ ਸੰਗੀਤ ਖੇਤਰ ਵਿੱਚ ਯੋਗਦਾਨ 9
ਡਾ. ਮਨਵਿੰਦਰ ਕੌਰ

ਕਰ ਕਿਰਪਾ ਮੇਲਹੁ ਰਾਮ 10
ਬਬਲੀ ਐਸ. ਸਿੰਘ

ਰੰਗਾ ਦੀ ਕਾਵਿਤਰੀ ਬਬਲੀ ਐਸ. ਸਿੰਘ 11
ਡਾ. ਹਰਿਪ੍ਰੀਤ ਕੌਰ ਖਾਲਸਾ

Key To Guru Granth Sahib: Vars In English 12
Jupinderjit Singh

ਰਾਗੀ ਜੱਥਾ ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ 14
ਕੁਲਦੀਪ ਸਿੰਘ ਹਉਰਾ

Raise the status of the institution of the Head Granthi of a Gurdwara 16
Col. A.S. Rattan (Retd.)

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 18

ਸੁਰ ਲਿਪੀ : ਰਾਗ ਤਿਲੰਗ 19
ਸ. ਉਤਮ ਸਿੰਘ

ਸੁਰ ਲਿਪੀ : ਰਾਗ ਆਸਾ 20
ਸ. ਉਤਮ ਸਿੰਘ

Matrimonial 22

ਜੰਤਰੀ 24



| ਚੰਦੇ ਦਾ ਵੇਰਵਾ: | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ -160 015
ਫੋਨ : 772660
782452



| ਇਸ਼ਤਿਹਾਰਾਂ ਦਾ ਵੇਰਵਾ | ਦੇਸ | ਵਿਦੇਸ |
|---|---|---|
| ਪਿਛਲਾ ਕਵਰ | 5000 ਰੁ. | 10,000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. | 7500 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. | 5000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. | 2500 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. | 1500 ਰੁ. |

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ. ਸੀ. ਐਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਮਿਤ੍ਰ ਅਸਾਡੜੇ ਸੇਈ

'ਅੰਮ੍ਰਿਤ ਕੀਰਤਨ' ਦਿਨੋ-ਦਿਨ ਨਿਵੇਕਲੀ ਦਿਖ ਵਾਲਾ ਪ੍ਰਭਾਵਸ਼ਾਲੀ ਪਰਚਾ ਬਣ ਰਿਹਾ ਹੈ। ਇਸ ਲਈ ਤੁਸੀਂ ਅਤੇ ਤੁਹਾਡੇ ਸਹਿਯੋਗੀ ਵਧਾਈ ਦੇ ਪਾਤਰ ਹਨ।

ਅਪ੍ਰੈਲ ਅੰਕ ਵਿਚ ਡਾ. ਹਰਿਭਜਨ ਸਿੰਘ ਜੀ ਦੀ ਕਵਰ ਤੇ ਦਿੱਤੀ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਬੜੀ ਭਾਵਪੂਰਤ ਕਵਿਤਾ ਹੈ। 1999 ਨੂੰ ਤਿੰਨ ਸੌ ਸਾਲਾ ਖਾਲਸਾ ਜਨਮ ਦਿਵਸ ਲਈ ਇਸ ਦਾ ਮਹਤਵ ਹੋਰ ਵੀ ਵਧ ਜਾਂਦਾ ਹੈ। ਇਸੇ ਅੰਕ ਵਿਚ ਸ. ਆਵਤ ਸਿੰਘ ਰਾਹੀਂ ਰਾਗਮਾਲਾ ਦਾ ਵਰਗੀਕਰਨ ਵੀ ਜਾਣਕਾਰੀ ਭਰਪੂਰ ਹੈ। ਸਾਰੇ ਹੀ ਲੇਖਾਂ ਦੀ ਚੋਣ ਬੜੀ ਸੁੰਦਰ ਹੈ। ਜੋ ਆਪ ਨੇ ਅੰਗਰੇਜ਼ੀ ਵਿਚ ਲੇਖ ਦੇਣੇ ਸ਼ੁਰੂ ਕੀਤੇ ਹਨ ਇਹ ਵਿਦੇਸ਼ੀ ਵੀਰਾਂ ਲਈ ਬੜੇ ਲਾਭਦਾਇਕ ਹਨ। ਉਹਨਾਂ ਵਿਚੋਂ ਕਈ ਪੰਜਾਬੀ ਪੜ੍ਹਨਾ ਨਹੀਂ ਜਾਣਦੇ। ਇਸ ਤਰ੍ਹਾਂ ਅੰਮ੍ਰਿਤ ਕੀਰਤਨ ਦਾ ਦਾਇਰਾ ਵਿਸ਼ਾਲ ਹੁੰਦਾ ਸਾਨੂੰ ਚੰਗਾ ਲਗਦਾ ਹੈ।

ਜਨਵਰੀ ਅੰਕ ਵਿਚ ਆਪ ਦੇ 'ਇਕ ਆਸਟਰੇਲੀਅਨ ਨਾਲ ਇਕ ਦਿਨ' ਲੇਖ ਤੋਂ ਪਤਾ ਲਗਦਾ ਹੈ ਕਿ ਮਿਸਟਰ ਰਾਡ ਸੁੰਦਰ ਸ਼ਖਸੀਅਤ ਦੇ ਮਾਲਕ ਹਨ। ਇਸ ਤੋਂ ਮੈਂ ਅਨੁਭਵ ਕੀਤਾ ਹੈ ਕਿ ਗੁਰਬਾਣੀ ਜਿਸ ਵੇਲੇ ਸੰਗੀਤ ਨਾਲ ਰਲਾ ਕੇ ਗਾਇਨ ਕੀਤੀ ਜਾਵੇ ਤਾਂ ਸੁਣਨ ਵਾਲੇ ਤੇ ਡੂੰਘਾ ਅਸਰ-ਪਾਉਂਦੀ ਹੈ। ਰਾਡ ਜੀ ਦੀ ਪਤਨੀ ਪ੍ਰਵੀਨ ਨੂੰ ਰਾਗ ਵਿੱਦਿਆ ਦੀ ਕਾਫੀ ਜਾਣਕਾਰੀ ਹੈ। ਮੈਨੂੰ ਇਹ ਮਾਣ ਹੈ ਕਿ ਇਹ ਮੇਰੀ ਛੋਟੀ ਭੈਣ ਹੈ। ਸਾਡੇ ਸਤਿਕਾਰ ਯੋਗ ਪਿਤਾ ਜੀ ਗਿਆਨੀ ਸ਼ੇਰ ਸਿੰਘ ਜੀ ਸਾਨੂੰ ਨਾਲ ਬਿਠਾ ਕੇ ਬਿਨਾਂ ਨਾਗਾ ਹਰਮੋਨੀਅਮ ਨਾਲ ਘਰ ਵਿਚ ਹੀ ਕੀਰਤਨ ਕਰਦੇ ਹਨ।

ਕਿਸੇ ਨੇ ਠੀਕ ਹੀ ਕਿਹਾ ਹੈ ਕਿ ਸੰਗੀਤ ਦੀ ਆਪਣੀ ਜ਼ੁਬਾਨ ਹੁੰਦੀ ਹੈ ਤੇ ਇਹ ਦਿਲ ਦੀਆਂ ਰਾਹਾਂ ਤੇ ਸਫਰ ਕਰਦੀ ਹੈ। ਮੈਨੂੰ ਇਕ ਪੁਰਾਣਾ ਵਾਕਿਆ ਯਾਦ ਆ ਗਿਆ। ਗੱਲ ਕੋਈ 1950 ਦੇ ਨੇੜੇ ਤੇੜੇ ਦੀ ਹੈ। ਦਿੱਲੀ ਵਿਚ ਇੱਕ ਸ਼ਾਸਤਰੀ ਸੰਗੀਤ ਸੰਮੇਲਨ ਹੋਇਆ ਜਿਸ ਵਿੱਚ ਸ਼ਾਸਤਰੀ ਸੰਗੀਤ ਦੇ ਕਾਫੀ ਉੱਘੇ ਗਾਇਕ ਆਏ ਹੋਏ ਸਨ। ਖਾਸ ਤੌਰ ਤੇ ਬੜੇ ਗੁਲਾਮ ਅਲੀ ਖਾਂ ਸਾਹਿਬ ਵੀ ਪੁੱਜੇ ਹੋਏ ਸਨ।

ਇਸ ਸੰਮੇਲਨ ਵਿੱਚ ਉਹਨਾਂ ਜ਼ਿਕਰ ਕੀਤਾ ਕਿ ਸੰਗੀਤ ਵਿਚ ਬੜੀ ਵੱਡੀ ਸਿਫਤ ਤੇ ਕਰਾਮਾਤ ਹੈ ਕਿ ਜੇ ਗਾਉਣ ਵਾਲਾ ਸਿਆਣਾ ਹੋਵੇ ਤੇ ਜਿਹੜੇ ਸ਼ਬਦਾਂ ਦਾ ਗਾਇਨ ਕਰਨਾ ਹੈ ਉਹਨਾਂ ਦੇ ਭਾਵ ਅਨੁਸਾਰ ਗਾਵੇ ਤਾਂ ਸਰੋਤੇ ਆਪਣੇ ਆਪ ਸਹਿਜੇ ਹੀ ਉਹਨਾਂ ਭਾਵਨਾਵਾਂ ਦਾ ਅਨੁਭਵ ਕਰਨ ਲੱਗ ਪੈਣਗੇ। ਉਹਨਾਂ ਕਿਹਾ ਕਿ ਤਾਨਸੈਨ ਦੇ ਦੀਪਕ ਰਾਗ ਗਾਉਣ ਨਾਲ ਦੀਵੇ ਜਗੇ ਜਾਂ ਨਹੀ ਅਤੇ ਮਲ੍ਹਾਰ ਰਾਗ ਗਾਉਣ ਨਾਲ ਬਾਰਿਸ਼ ਹੋਈ ਜਾਂ ਨਹੀ ਇਸਨੂੰ ਪਾਸੇ ਰਖਦਿਆਂ ਇਹ ਕਹਿਣਾ ਝੂਠ ਨਹੀ ਕਿ ਸਰੋਤਿਆ ਨੇ ਇਹ ਸਾਰਾ ਕੁਝ ਮਹਿਸੂਸ ਕੀਤਾ।

ਬੜੇ ਗ਼ੁਲਾਮ ਅਲੀ ਖਾਂ ਸਾਹਿਬ ਨੇ ਇੱਕ ਭਜਨ 'ਹਰੀ ਓਮ ਤਤ ਸਤ' ਦਾ ਗਾਇਨ ਕਰ ਕੇ ਦੱਸਿਆ ਤੇ ਵਾਤਵਰਨ ਨੂੰ ਇੰਜ ਬਣਾ ਦਿਤਾ ਕਿ ਹਰ ਸਰੋਤਾ ਭਗਤੀ ਭਾਵ ਵਿਚ ਡੁਬ ਗਿਆ।

ਵਿਕਾਸਪੁਰੀ, ਨਵੀਂ ਦਿਲੀ — ਨਰਿੰਦਰਪਾਲ ਸਿੰਘ

ਕਰਉ ਬੇਨੰਤੀਆਂ ਵਿਚ ਤੁਹਾਡੇ ਵਿਚਾਰ ਕਲਾ ਅਤੇ ਕਲਾਕਾਰ ਪ੍ਰੇਰਨਾਦਾਇਕ ਸਨ। ਇਸ ਅੰਕ ਵਿਚ ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸੰਦੇਸ਼, ਨਾਮ ਦਾਨ ਇਸ਼ਨਾਨ ਅਤੇ ਮਹੰਤ ਗਜਾ ਸਿੰਘ ਜੀ ਬਾਰੇ ਲੇਖ ਕਾਬਲੇ ਤਾਰੀਫ ਸਨ।

ਕਲਾਕਾਰ ਬਾਰੇ ਬਬਲੀ ਐਸ. ਸਿੰਘ ਦੇ ਵਿਚਾਰ ਵੀ ਧਿਆਨ ਖਿਚਦੇ ਹਨ। ਦਿਨੋ ਦਿਨ ਅੰਮ੍ਰਿਤ ਕੀਰਤਨ ਵਧੀਆ ਹੋ ਰਿਹਾ ਹੈ।

ਮਲੋਟ — ਪ੍ਰੋ. ਮੰਗਤ ਸਿੰਘ ਮਸਤਾਨਾ

It is always great pleasure to go through Amrit Kirtan and specially the editorial by you.

While describing the painting of Sri Harminder Sahib in your drawing room, you have brought out a very basic character quality an aritst must possess ਤਾਣ ਹੋਂਦੇ ਹੋਇ ਨਿਤਾਣਾ ਜਾਂ 'ਮਾਣ ਹੋਂਦੇ ਹੋਇ ਨਿਮਾਣਾ' you, very gracefully, have suggested your bradari of 'Kirtaniyas' to possess this sterling character quality.

Why, only 'Kirtanysa', this quality must be possessed or acquired by every 'Guru-Ka-Sikh' and specially those who are directly or indirectly involved in the management of Gurdwaras, Dharmik Sthans and Dharmik Prachar.

How to inculcate this character quality is the issue and I suppose we can leave this upto enlightened people like you (Amrit Kirtan) and other 'Parchariks' and Sikh intellectuals.

Amrit Kirtan has come long way in its quality contents due to your untiring efforts. We wish you & Amrit Kirtan well.

A.S. Rattan

ਅੰਮ੍ਰਿਤ ਕੀਰਤਨ ਵਧੀਆ ਰਸਾਲਾ ਹੈ। ਅਸੀਂ ਇਸ ਨੂੰ ਉਡੀਕਦੇ ਰਹਿੰਦੇ ਹਾਂ।

ਚੰਡੀਗੜ੍ਹ — ਅਜੀਤ ਕੌਰ

# ਕਰਉ ਬੇਨੰਤੀਆ

ਜਾਗੀਰ ਸਿੰਘ

ਇਸ ਅੰਕ ਤੋਂ 'ਅੰਮ੍ਰਿਤ ਕੀਰਤਨ' ਦਸਵੇਂ ਵਰ੍ਹੇ ਵਿੱਚ ਪੈਰ ਰੱਖ ਰਿਹਾ ਹੈ। ਸਾਡੇ ਪੁਰਾਣੇ ਪਾਠਕ ਜਾਣਦੇ ਹਨ ਕਿ ਇਸ ਦਾ ਜਨਮ ਕਿਵੇਂ ਹੋਇਆ ਪਰ ਨਵੇਂ ਪਾਠਕ ਜਾਣਨਾ ਚਾਹੁੰਦੇ ਹਨ। ਇਸ ਦੀ ਕਹਾਣੀ ਵਿੱਚ ਸ਼ਾਇਦ ਕਿਤੇ ਇਸ ਸੇਵਕ ਸੰਪਾਦਕ ਦਾ ਜ਼ਿਕਰ ਵੀ ਆ ਜਾਵੇ। ਉਸ ਨੂੰ ਸਵੈਪ੍ਰਸੰਸਾ ਨਾ ਸਮਝਿਆ ਜਾਵੇ। 1989 ਦਾ ਸਾਲ ਮੇਰੇ ਲਈ ਮਹੱਤਵਪੂਰਨ ਸਾਲ ਸੀ। ਇਸ ਸਾਲ ਮੈਨੂੰ ਭਾਸ਼ਾ ਵਿਭਾਗ ਦਾ ਸ਼ਰੋਮਣੀ ਰਾਗੀ ਅਵਾਰਡ ਪ੍ਰਾਪਤ ਹੋਇਆ ਸੀ। ਮੈਂ ਆਪਣੀ ਪਤਨੀ ਕੁਲਵੰਤ ਕੌਰ ਨਾਲ ਸਲਾਹ ਕਰਕੇ ਅੰਮ੍ਰਿਤ ਕੀਰਤਨ ਟ੍ਰਸਟ ਦੀ ਸਥਾਪਨਾ ਕੀਤੀ। ਇਸ ਟ੍ਰਸਟ ਨੂੰ ਕਾਇਮ ਕਰਨ ਵਾਸਤੇ ਸ. ਪਿਆਰਾ ਸਿੰਘ ਮਾਹਲ, ਸ. ਹਰਭਜਨ ਸਿੰਘ ਚੋਪੜਾ ਅਤੇ ਸ. ਜੀ. ਐਸ. ਸੋਬਤੀ ਹੋਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਟ੍ਰਸਟ ਕੇਵਲ ਇਸੇ ਕਰਕੇ ਕਾਇਮ ਕੀਤਾ ਸੀ ਕਿ ਅਸੀਂ ਗੁਰਮਤਿ ਸੰਗੀਤ ਨਾਲ ਸੰਬੰਧਤ ਇਹ ਮੈਗਜ਼ੀਨ ਪ੍ਰਕਾਸ਼ਿਤ ਕਰਨਾ ਚਾਹੁੰਦੇ ਸਾਂ।

ਇਸ ਤੋਂ ਪਹਿਲਾ ਮੈਂ 1980 ਵਿਚ ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦੇ ਵਿਸ਼ੇ ਉੱਤੇ ਪੀ. ਐਚ. ਡੀ. ਕਰ ਚੁਕਾ ਸਾਂ ਉਦੋਂ ਅਖਬਾਰਾਂ ਵਿਚ ਕੀਰਤਨੀਆਂ ਅਤੇ ਕੀਰਤਨ ਕੈਸਟਾਂ ਬਾਰੇ ਮੇਰੇ ਲੇਖਾਂ ਦੀ ਚਰਚਾ ਹੋ ਚੁਕੀ ਸੀ। ਯੂਨੀਵਰਸਿਟੀਆਂ ਵਿੱਚ ਗੁਰਮਤਿ ਸੰਗੀਤ ਦੇ ਵਿਸ਼ੇ ਵਜੋਂ ਮਾਨਤਾ ਦੁਆਉਣ ਦੀਆਂ ਕੋਸ਼ਿਸ਼ਾਂ ਹੋ ਰਹੀਆ ਸਨ। ਇਸ ਮੈਗਜ਼ੀਨ ਦਾ ਮਨੋਰਥ ਗੁਰਮਤਿ ਸੰਗੀਤ ਦੇ ਵਿਸ਼ੇ ਲਈ ਸਮਗਰੀ ਛਾਪਣਾ, ਕੀਰਤਨ ਅਤੇ ਕੀਰਤਨੀਆਂ ਦੇ ਪੱਧਰ ਨੂੰ ਉਚਾ ਚੁੱਕਣ ਦਾ ਜਤਨ ਕਰਨਾ ਹੈ। 'ਅੰਮ੍ਰਿਤ ਕੀਰਤਨ' ਦਾ ਪਹਿਲਾ ਅੰਕ ਪ੍ਰਿੰਸੀਪਲ ਸਤਬੀਰ ਸਿੰਘ ਦੇ ਕਰ ਕਮਲਾਂ ਰਾਹੀਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਰਿਲੀਜ਼ ਕੀਤਾ ਗਿਆ।

ਪਹਿਲੇ ਮਹੀਨੇ ਕੇਵਲ 50 ਮੈਂਬਰ ਹੀ ਬਣੇ ਸਨ ਤੇ ਹੌਲੀ ਹੌਲੀ ਕਾਫਲਾ ਬਣਨਾ ਸ਼ੁਰੂ ਹੋ ਗਿਆ। ਅਸੀਂ ਕਦੀ ਅੱਗੇ ਕਦੀ ਪਿੱਛੇ ਕਦਮ ਰੱਖਦੇ ਹੋਏ ਇਸ ਪੜਾਅ ਤਕ ਪਹੁੰਚੇ ਹਾਂ। 'ਅੰਮ੍ਰਿਤ ਕੀਰਤਨ' ਨੇ ਕਈ ਨਵੇਂ ਲੇਖਕ ਬਣਾਏ ਉਹ ਕੀਰਤਨੀਏ ਅਤੇ ਸੰਗੀਤ ਪ੍ਰੇਮੀ ਜਿਹਨਾਂ ਨੇ ਕਦੀ ਲਿਖਿਆ ਨਹੀਂ ਸੀ ਉਹਨਾਂ ਨੇ ਕੀਰਤਨ ਬਾਰੇ ਲੇਖ ਲਿਖੇ। ਅੰਮ੍ਰਿਤ ਕੀਰਤਨ ਨੇ ਕਈ ਪੁਰਾਤਨ ਕੀਰਤਨੀਆਂ ਬਾਰੇ ਲੇਖ ਲਿਖ ਕੇ ਨਵੇਂ ਕੀਰਤਨੀਆਂ ਨੂੰ ਸਿੱਖਿਆ ਦੇਣ ਦਾ ਜਤਨ ਕੀਤਾ। ਇਸ ਦੇ ਵਿਸ਼ੇਸ਼ ਅੰਕਾਂ ਦੀ ਅਜੇ ਤਕ ਮੰਗ ਆ ਰਹੀ ਹੈ।

ਅਸੀਂ ਇਸ ਤਾਂ ਨਹੀਂ ਕਹਿੰਦੇ ਕਿ 'ਅੰਮ੍ਰਿਤ ਕੀਰਤਨ' ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ 'ਗੁਰਬਾਣੀ ਸੰਗੀਤ', ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਗੁਰਮਤਿ ਸੰਗੀਤ ਦਾ ਵਿਸ਼ਾ ਚਾਲੂ ਕਰਵਾਇਆ, ਪਰ ਇਹ ਕਹਿ ਸਕਦੇ ਹਾਂ ਕਿ ਇਹ ਕੁਝ ਕਰਨ ਲਈ ਮਾਹੌਲ ਜ਼ਰੂਰ ਬਣਾਇਆ। 'ਅੰਮ੍ਰਿਤ ਕੀਰਤਨ' ਇਸ ਵੇਲੇ ਅਮਰੀਕਾ, ਕਨੇਡਾ, ਇੰਗਲੈਂਡ, ਇਰਾਨ, ਆਸਟ੍ਰੇਲੀਆ, ਨਿਉਜ਼ੀਲੈਂਡ, ਹਾਂਗਕਾਂਗ, ਸਿੰਘਾਪੁਰ, ਮਲੇਸ਼ੀਆ, ਬਰਮਾ ਆਦਿ ਦੇਸ਼ਾਂ ਵਿਚ ਪੜ੍ਹਿਆ ਜਾਂਦਾ ਹੈ। ਭਾਰਤ ਦੇ ਲਗਭਗ ਹਰ ਸੂਬੇ ਵਿੱਚ ਪੁੱਜ ਰਿਹਾ ਹੈ।

ਇਹ ਮੈਗਜ਼ੀਨ ਕੇਵਲ ਤੁਹਾਡੀ ਸਹਾਇਤਾ ਨਾਲ ਹੀ ਚਲ ਰਿਹਾ ਹੈ। ਇਸ ਲਈ ਇਸ ਨੂੰ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਣ ਲਈ ਆਪ ਜੀ ਮਾਇਆ ਭੇਜ ਕੇ ਸਾਡਾ ਹੌਸਲਾ ਵਧਾਓ।

ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਵੀ ਭੇਜੋ।

ਆਦਰ ਸਹਿਤ।

ਦਾਸਰਾ

ਜਾਗੀਰ ਸਿੰਘ

# ਆਦਰਸ਼ ਕੀਰਤਨੀਏ ਦੇ ਗੁਣ

ਡਾ. ਜਾਗੀਰ ਸਿੰਘ

ਕੀਰਤਨੀਆਂ ਇੱਕ ਵਿਸ਼ੇਸ਼ ਪ੍ਰਕਾਰ ਦਾ ਗਾਇਕ ਹੈ, ਇਸ ਲਈ ਉਸ ਵਿੱਚ ਗਾਇਕ ਦੇ ਗੁਣਾਂ ਦੇ ਨਾਲ ਨਾਲ ਕੁਝ ਹੋਰ ਗੁਣਾਂ ਦੀ ਵੀ ਲੋੜ ਹੁੰਦੀ ਹੈ। ਕੀਰਤਨੀਏ ਵਿੱਚ ਗਾਇਨ ਦੇ ਗੁਣ ਵੀ ਕੁਝ ਵਧੇਰੇ ਡੂੰਘੇ ਅਰਥਾਂ ਵਾਲੇ ਹੁੰਦੇ ਹਨ। ਆਦਰਸ਼ ਕੀਰਤਨੀਏ ਦੇ ਗੁਣਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:-

(ੳ) ਸੰਗੀਤ ਕਲਾ ਨਾਲ ਸੰਬੰਧਤ ਗੁਣ।
(ਅ) ਗੁਰਬਾਣੀ ਕੀਰਤਨ ਨਾਲ ਸੰਬੰਧਤ ਗੁਣ।
(ੲ) ਗੁਰਮਤਿ ਨਾਲ ਸੰਬੰਧਤ ਗੁਣ।

(ੳ) **ਸੰਗੀਤ ਕਲਾ ਨਾਲ ਸੰਬੰਧਤ ਗੁਣ :-** ਇਹਨਾਂ ਗੁਣਾਂ ਵਿੱਚ ਭਾਵੇਂ ਹਿੰਦੁਸਤਾਨੀ ਸੰਗੀਤ-ਸ਼ਾਸਤਰ ਦੇ ਗਾਇਕ ਦੇ ਗੁਣ ਵੀ ਸ਼ਾਮਲ ਹਨ, ਪਰ ਫਿਰ ਵੀ ਕੀਰਤਨੀਏ ਲਈ ਇਹਨਾਂ ਦੇ ਵਧੇਰੇ ਡੂੰਘੇ ਅਰਥ ਹਨ। ਇਹਨਾਂ ਗੁਣਾਂ ਵਿੱਚ ਪਹਿਲਾ ਗੁਣ ਹੈ ਕਿ ਆਦਰਸ਼ ਕੀਰਤਨੀਏ ਦੀ ਆਵਾਜ਼ ਸੁਰੀਲੀ ਹੁੰਦੀ ਹੈ।

1. ਸੁਰੀਲੀ ਆਵਾਜ਼ ਦਾ ਜੀਵਨ ਵਿੱਚ ਬੜਾ ਮਹੱਤਵ ਹੈ। ਗੁਰਬਾਣੀ ਵਿੱਚ ਜਿੱਥੇ ਕਿਤੇ ਆਦਰਸ਼ਕ ਸ਼ਖਸੀ ਗੁਣਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਹਨਾਂ ਵਿੱਚ ਸੁਰੀਲੀ, ਮਿੱਠੀ ਜਾਂ ਮਧੁਰ ਆਵਾਜ਼ ਦਾ ਵੀ ਜ਼ਿਕਰ ਕੀਤਾ ਗਿਆ ਹੈ:-

ਤੇਰਾ ਮੁਖ ਸੁਹਾਵਾ ਜੀਉ ਸਹਜਿ ਧੁਨਿ ਬਾਣੀ॥
..........................................

ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ॥
................................

ਕਵਲ ਨੈਨ ਮਧੁਰ ਬੈਨ॥
......................

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥
.......................................

ਮਿਠ-ਬੋਲੜਾ ਜੀ ਹਰਿ ਸਜਣ ਸੁਆਮੀ ਮੋਰਾ॥
..........................................

ਮਿੱਠੀ ਤੇ ਸੁਰੀਲੀ ਆਵਾਜ਼ ਵਾਲੇ ਕੀਰਤਨੀਏ ਨੂੰ ਭਾਵੇਂ, ਰਾਗਾਂ ਤਾਲਾਂ ਅਤੇ ਗੁਰਬਾਣੀ ਦੀ ਘੱਟ ਜਾਣਕਾਰੀ ਹੋਵੇ, ਪਰ ਉਸ ਦੇ ਕੀਰਤਨ ਦਾ ਸੁਰ ਠੀਕ ਹੋਵੇ ਤਾਂ ਕੀਰਤਨ ਦਾ ਵਧੇਰੇ ਪ੍ਰਭਾਵ ਪੈਂਦਾ ਹੈ। ਜੇ ਕੋਈ ਕੀਰਤਨੀਆਂ ਰਾਗ, ਤਾਲ ਅਤੇ ਬਾਣੀ ਪਖੋਂ ਵੱਡਾ ਵਿਦਵਾਨ ਹੈ ਤੇ ਉਸ ਦਾ ਸੁਰ ਠੀਕ ਨਹੀਂ ਉਸ ਦਾ ਕੀਰਤਨ ਪ੍ਰਭਾਵਹੀਨ ਹੁੰਦਾ ਹੈ। ਇਸ ਲਈ ਕੀਰਤਨੀਏ ਨੂੰ ਆਪਣੀ ਆਵਾਜ਼ ਦੀ ਸਾਂਭ-ਸੰਭਾਲ ਅਤੇ ਰਿਆਜ਼ ਰਾਹੀਂ ਸੁਰੀਲੇ ਬਣਾਉਣ ਦੇ ਯਤਨ ਕਰਨੇ ਚਾਹੀਦੇ ਹਨ।

ਸੁਰ ਦੀ ਕਿਸਮ ਹਰ ਕੀਰਤਨੀਏ ਦੀ ਆਪਣੀ-ਆਪਣੀ ਹੁੰਦੀ ਹੈ, ਪਰ ਉਸ ਵਿੱਚ ਰਿਆਜ਼ ਨਾਲ ਖ਼ਾਸ ਗੁਣ ਪੈਦਾ ਕੀਤਾ ਜਾ ਸਕਦਾ ਹੈ। ਉਸ ਦੀ ਆਵਾਜ਼ ਹਿਰਦੇ ਵਿੱਚੋਂ ਨਿਕਲਦੀ ਹੋਵੇ, ਉਸ ਵਿੱਚ ਖ਼ਾਸ ਤਰ੍ਹਾਂ ਦੀ ਗੂੰਜ ਹੋਵੇ, ਆਵਾਜ਼ ਫਿੱਕੀ ਨਾ ਹੋਵੇ, ਆਵਾਜ਼ ਨੱਕ ਵਿਚੋਂ ਨਿਕਲਦੀ ਨਾ ਜਾਪੇ। ਉਸ ਦੀ ਆਵਾਜ਼ ਤਿੰਨਾਂ ਸਪਤਕਾਂ ਵਿੱਚ ਆਸਾਨੀ ਨਾਲ ਲੱਗਦੀ ਹੋਵੇ।

ਇਸ ਪ੍ਰਕਾਰ ਆਦਰਸ਼ ਕੀਰਤਨੀਏ ਨੂੰ ਕੋਮਲ, ਸ਼ੁਧ, ਤੀਬਰ ਆਦਿ ਸੁਰਾਂ ਦਾ ਵੀ ਗਿਆਨ ਹੁੰਦਾ ਹੈ। ਸੁਰ ਨੂੰ ਸ਼ੁਰੂ ਕਰਨ ਅਤੇ ਖਤਮ ਕਰਨ ਦੀ ਜਾਚ ਵੀ ਆਉਂਦੀ ਹੋਵੇ।

2. ਆਦਰਸ਼ ਕੀਰਤਨੀਏ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਰਾਗਾਂ ਤੋਂ ਇਲਾਵਾ ਹੋਰ ਰਾਗਾਂ ਦੀ ਜਾਣਕਾਰੀ ਵੀ ਹੁੰਦੀ ਹੈ। ਉਸ ਨੂੰ ਰਾਗਾਂ ਦੀਆਂ ਕਿਸਮਾਂ ਦੀ ਵੀ ਕਾਫੀ ਵਾਕਫ਼ੀਅਤ ਹੁੰਦੀ ਹੈ। ਉਹ ਅਧਿਐਨ ਕਰਕੇ ਰਾਗਾਂ ਦੇ ਸਰੂਪ, ਰਾਗਾਂ ਦੇ ਸਮੇਂ ਅਤੇ ਰਾਗਾਂ ਦੇ ਰਸ ਬਾਰੇ ਵੀ ਗਿਆਨ ਰੱਖਦਾ ਹੈ। ਇਸ ਨਾਲ ਉਸ ਦੀਆਂ ਗੀਤਾਂ ਵਿੱਚ ਵੰਨਸੁਵੰਨਤਾ, ਗੰਭੀਰਤਾ ਅਤੇ ਮੌਲਿਕਤਾ ਦਾ ਗੁਣ ਆਉਂਦਾ ਹੈ।

3. ਆਦਰਸ਼ ਕੀਰਤਨੀਏ ਦਾ ਲੈਅ ਉੱਤੇ ਵੀ ਕਾਬੂ ਹੁੰਦਾ ਹੈ। ਵਿਸ਼ੇਸ਼ ਅਭਿਆਸ ਨਾਲ ਉਹ ਪ੍ਰਚੱਲਿਤ ਤਾਲਾਂ ਤੋਂ ਇਲਾਵਾ ਅਪ੍ਰਚੱਲਿਤ ਤਾਲਾਂ ਅਤੇ ਪੜਤਾਲਾਂ ਦਾ ਗਿਆਨ ਵੀ ਰੱਖਦਾ ਹੈ, ਜਿਸ ਨਾਲ ਉਸ ਦੇ ਕੀਰਤਨ ਵਿੱਚ ਗੰਭੀਰਤਾ ਅਤੇ ਵੰਨਸੁਵੰਨਤਾ ਆਉਂਦੀ ਹੈ।

4. ਆਦਰਸ਼ ਕੀਰਤਨੀਆਂ ਅਲੰਕਾਰਾਂ ਅਤੇ ਤਾਨਾਂ ਦਾ ਵੀ ਅਭਿਆਸ ਕਰਦਾ ਰਹਿੰਦਾ ਹੈ। ਤਾਨਾਂ ਅਤੇ ਅਲੰਕਾਰ ਕੀਰਤਨ ਵਿੱਚ ਵਿਖਾਵੇ ਲਈ ਹੀ ਨਹੀਂ ਹੁੰਦੇ, ਸਗੋਂ ਵਿਸ਼ੇਸ਼ ਸ਼ਬਦਾਂ ਦੇ ਗਾਇਨ ਸਮੇਂ ਭਾਵ ਅਨੁਸਾਰ ਤੁਕਾਂ ਦੇ ਉਚਾਰਨ ਵਿੱਚ ਆਪਣੇ-ਆਪ ਇਹਨਾਂ ਤਾਨਾਂ ਅਤੇ ਅਲੰਕਾਰਾਂ ਤੇ ਆਧਾਰਿਤ ਸੁਰ-ਸੰਗਤੀਆਂ ਜੜੀਆਂ ਜਾਂਦੀਆਂ ਹਨ। ਜੇ ਅਭਿਆਸ ਨਾਲ ਇਹ ਸਾਰਾ ਕੁਝ ਸਾਧਿਆ ਹੋਵੇ ਤਾਂ ਤਾਨਾਂ ਨੂੰ ਵੱਖਰੇ ਰੂਪ ਵਿੱਚ ਜੋੜਨ ਦੀ ਲੋੜ ਨਹੀਂ ਰਹਿੰਦੀ।

(ਅ) ਗੁਰਬਾਣੀ ਕੀਰਤਨ ਨਾਲ ਸੰਬੰਧਤ ਗੁਣ:- ਗੁਰਬਾਣੀ ਦਾ ਆਦਰਸ਼ ਕੀਰਤਨੀਆਂ ਸੰਗੀਤ ਨਾਲ ਸੰਬੰਧਤ ਗੁਣਾਂ ਦਾ ਅਭਿਆਸ ਸ਼ਰਧਾ ਨਾਲ ਕਰਦਾ ਹੈ। ਉਸ ਦੇ ਮਨ ਵਿੱਚ ਇਹ ਭਾਵਨਾ ਹੁੰਦੀ ਹੈ ਕਿ ਉਹ ਆਪਣੇ ਪਿਆਰੇ ਪ੍ਰਮਾਤਮਾ ਨੂੰ ਚੰਗਾ ਕੀਰਤਨ ਸੁਣਾਵੇ, ਇਸ ਲਈ ਇਸ ਕੀਰਤਨ ਵਿੱਚ ਸ਼ਰਧਾ ਅਤੇ ਪ੍ਰੇਮ ਨਾਲ ਅਭਿਆਸ ਕਰਨ ਦੀ ਲੋੜ ਹੁੰਦੀ ਹੈ। ਭਾਵ ਇਸ ਸਾਰੇ ਕੁਝ ਨੂੰ ਵੀ ਸੇਵਾ ਸਮਝ ਕੇ ਕਰਨਾ ਹੁੰਦਾ ਹੈ ਫਿਰ ਵੀ ਹੇਠ ਲਿਖੇ ਗੁਣਾਂ ਦਾ ਵਿਸ਼ੇਸ਼ ਮਹੱਤਵ ਹੈ:-

1. ਉਸ ਨੂੰ ਗੁਰਬਾਣੀ, ਕੀਰਤਨ ਦੀ ਸ਼ੈਲੀ ਦਾ ਪੂਰਾ ਗਿਆਨ ਹੁੰਦਾ ਹੈ। ਕਿਉਂਕਿ ਗੁਰਬਾਣੀ ਕੀਰਤਨ ਦੀ ਸ਼ੈਲੀ ਨਾਂ ਨਿਰੋਲਖਿਆਲ ਸ਼ੈਲੀ ਹੈ, ਨਾ ਧਰੁਪਦ ਸ਼ੈਲੀ, ਨਾ ਭਜਨ ਸ਼ੈਲੀ

ਅਤੇ ਨਾ ਹੀ ਨਿਰੋਲ ਲੋਕ-ਗਾਇਕੀ ਦੀ ਸ਼ੈਲੀ ਹੈ, ਸਗੋਂ ਇਹ ਇਹਨਾਂ ਸਾਰਿਆਂ ਦਾ ਸੁਮੇਲ ਹੈ। ਇਸ ਦੀ ਬੰਦਸ਼ ਭਾਰਤੀ ਰਾਗਾਂ ਦੇ ਨਾਲ-ਨਾਲ ਗੁਰਬਾਣੀ ਵਿੱਚ ਦਰਜ ਮਿਸ਼ਰਤ ਰਾਗ, ਲੈਅ ਅਤੇ ਪੇਸ਼ਕਾਰੀ-ਭਜਨ ਸ਼ੈਲੀ ਵਾਲੀ ਅਤੇ ਤਾਲ ਕਿਤੇ-ਕਿਤੇ ਕਾਵਿ-ਰੂਪ ਅਨੁਸਾਰ ਲੋਕ ਸ਼ੈਲੀ ਵਾਲੇ ਹਨ। ਆਦਰਸ਼ ਕੀਰਤਨੀਏ ਨੂੰ ਇਹਨਾਂ ਸਾਰੀਆਂ ਸ਼ੈਲੀਆਂ ਦਾ ਗਿਆਨ ਹੁੰਦਾ ਹੈ। ਇਹਨਾਂ ਵਿੱਚੋਂ ਉਹ ਕੀਰਤਨ ਸ਼ੈਲੀ ਨੂੰ ਨਿਖੇੜ ਸਕਦਾ ਹੈ। ਇਸ ਲਈ ਉਹ ਪੁਰਾਤਨ ਕੀਰਤਨੀਆਂ ਦੀ ਕੀਰਤਨ ਸ਼ੈਲੀ ਨੂੰ ਪੜ੍ਹਦਾ ਅਤੇ ਸੁਣਦਾ ਰਹਿੰਦਾ ਹੈ।

2. ਆਦਰਸ਼ ਕੀਰਤਨੀਆਂ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਕਰੇ। ਅਰਥਾਤ ਜੇ ਕਿਸੇ ਸ਼ਬਦ ਉੱਪਰ ਰਾਗ ਦਾ ਨਾਮ ਲਿਖਿਆ ਹੈ ਅਤੇ ਉਹ ਰਾਗ ਸਮੇਂ ਦੇ ਵੀ ਅਨੁਕੂਲ ਹੈ ਤਾਂ ਉਹ ਉਸ ਰਾਗ ਅਨੁਸਾਰ ਕੀਰਤਨ ਕਰਦਾ ਹੈ। ਪਰ ਜੇ ਉਸ ਨੇ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੇ ਰਾਗ ਵਿੱਚ ਕੀਰਤਨ ਕਰਨਾ ਹੈ ਤਾਂ ਉਹ ਉਹਨਾਂ ਸ਼ਬਦਾਂ ਦੀ ਚੋਣ ਕਰਦਾ ਹੈ, ਜਿਹਨਾਂ ਉੱਪਰ ਰਾਗ ਦਾ ਸੰਕੇਤ ਨਹੀਂ ਦਿੱਤਾ ਹੋਇਆ।

3. ਆਦਰਸ਼ ਕੀਰਤਨੀਆਂ ਵਿਸ਼ੇਸ਼ ਰੁੱਤਾਂ ਅਨੁਸਾਰ ਵੀ ਰਾਗਾਂ ਦਾ ਧਿਆਨ ਰੱਖ ਕੇ ਕੀਰਤਨ ਕਰਦਾ ਹੈ। ਜਿਵੇਂ ਬਸੰਤ ਰੁੱਤ ਵਿੱਚ, ਉਹ ਬਸੰਤ ਰਾਗ ਦਾ ਸ਼ਬਦ ਗਾਇਨ ਕਰਦਾ ਹੈ ਅਤੇ ਲੋੜ ਅਨੁਸਾਰ ਬਸੰਤ ਕੀ ਵਾਰ ਵਿੱਚੋਂ ਪਉੜੀ ਦਾ ਗਾਇਨ ਵੀ ਕਰਦਾ ਹੈ। ਇਸੇ ਤਰ੍ਹਾਂ ਵਰਖਾ ਰੁੱਤ ਵਿੱਚ ਉਹ ਮਲਾਰ, ਸਾਰੰਗ ਆਦਿ ਰਾਗਾਂ ਵਿੱਚ ਕੀਰਤਨ ਕਰਦਾ ਹੈ।

4. ਆਦਰਸ਼ ਕੀਰਤਨੀਆਂ ਸ਼ਬਦ ਦੀ ਗੀਤ ਗਾਇਨ ਕਰਨ ਸਮੇਂ ਜੇ ਕਿਸੇ ਸ਼ਬਦ ਵਿੱਚ 'ਰਹਾਉ' ਦੀ ਤੁਕ ਦਿੱਤੀ ਹੈ ਤਾਂ ਉਸ ਨੂੰ ਸਥਾਈ ਬਣਾਉਂਦਾ ਹੈ। ਉਹ ਅੰਤਰੇ ਵੀ ਜਿਵੇਂ ਕਿਸੇ ਸ਼ਬਦ ਵਿੱਚ ਦਿੱਤੇ ਹਨ ਉਸੇ ਤਰ੍ਹਾਂ ਹੀ ਗਾਇਨ ਕਰਦਾ ਹੈ। ਜਿਵੇਂ ਹੇਠ ਦਿੱਤੇ ਸ਼ਬਦ ਵਿੱਚ ਰਹਾਉ ਦੀ ਤੁਕ ਸਥਾਈ ਹੈ:-

ਮੇਰੇ ਸਾਹਿਬਾ ਕਉਣ ਜਾਣੇ ਗੁਣ ਤੇਰੇ॥
ਕਹੇ ਨਾ ਜਾਨੀ ਅਉਗਣ ਮੇਰੇ॥

ਇਸ ਸ਼ਬਦਾਂ ਵਿੱਚ ਦੋ ਤੁਕਾਂ ਦਾ ਅੰਤਰਾ ਹੈ:-

ਕਤਿ ਕੀ ਮਾਈ ਬਾਪ ਕਤਿ ਕੇਰਾ, ਕਿਦੂ ਥਾਵਹੁ ਹਮ ਆਏ॥
ਅਗਨ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮ ਉਪਾਏ॥

ਇਥੇ ਅੰਤਰੇ ਦੀਆਂ ਤੁਕਾਂ ਗਾਇਨ ਕਰਨ ਤੋਂ ਬਾਦ ਸਥਾਈ ਗਾਉਣੀ ਹੈ।

ਹੇਠ ਲਿਖੇ ਸ਼ਬਦਾ ਵਿੱਚ ਤਿੰਨ ਤੁਕਾਂ ਦਾ ਅੰਤਰਾ ਹੈ:

ਸਭੇ ਥੋਕ ਪਰਾਪਤੇ ਜੇ ਆਵੈ ਇਕ ਹਥਿ॥
ਜਨਮ ਪਦਾਰਥ ਸਫਲ ਹੈ ਜੇ ਸਚਾ ਸਬਦ ਕਥਿ॥
ਗੁਰ ਤੇ ਮਹਲ ਪਰਾਪਤੇ ਜਿਸ ਲਿਖਿਆ ਹੋਵੈ ਮਥਿ॥

ਇੱਥੇ ਇਹ ਤਿੰਨ ਤੁਕਾਂ ਦਾ ਅੰਤਰਾ ਗਾਇਨ ਕਰਕੇ, ਫਿਰ ਇਹ ਸਥਾਈ ਗਾਉਣੀ ਹੈ:-

ਮੇਰੇ ਮਨ ਏਕਸ ਸਿਉ ਚਿਤਿ ਲਾਏ॥
ਏਕਸ ਬਿਨੁ ਸਭ ਧੰਧਿ ਹੈ ਸਭ ਮਿਥਿਆ ਮੋਹ ਮਾਇ॥

ਹੇਠ ਲਿਖੇ ਸ਼ਬਦ ਵਿੱਚ ਚਾਰ ਚਾਰ ਤੁਕਾਂ ਦੇ ਅੰਤਰੇ ਹਨ:-

ਜਾ ਕਉ ਮੁਸਕਲ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭ ਅਸਰਾਉ॥
ਚਿਤੁ ਆਵੈ ਉਸ ਪਾਰਬ੍ਰਹਮ ਲਗੈ ਨ ਤਤੀ ਵਾਉ॥

ਇਹਨਾਂ ਚਾਰ ਤੁਕਾਂ ਦਾ ਅੰਤਰੇ ਵਜੋਂ ਗਾਇਨ ਕਰਨ ਤੋਂ ਬਾਅਦ, ਇਹ ਸਥਾਈ ਗਾਇਨ ਕਰਨੀ ਹੈ:-

ਸਾਹਿਬ ਨਿਤਾਣਿਆ ਕਾ ਤਾਣ॥
ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚਿ ਜਾਣ॥

ਇਸ ਤਰ੍ਹਾਂ ਲਗਭਗ ਹਰ ਸ਼ਬਦ ਵਿੱਚ ਸਥਾਈ ਤੇ ਅੰਤਰੇ ਸਪੱਸ਼ਟ ਦਿੱਤੇ ਹਨ। ਇਹ ਸਾਰਾ ਕੁਝ ਭਾਵ ਅਨੁਸਾਰ ਹੈ। ਆਦਰਸ਼ ਕੀਰਤਨੀਆਂ ਇਹਨਾਂ ਨੂੰ ਸਹੀ ਢੰਗ ਨਾਲ ਗਾ ਕੇ ਠੀਕ ਪ੍ਰਭਾਵ ਪੈਦਾ ਕਰਦਾ ਹੈ।

5. ਆਦਰਸ਼ ਕੀਰਤਨੀਆਂ ਗੁਰਬਾਣੀ ਦਾ ਉਚਾਰਨ ਸ਼ੁੱਧ ਕਰਦਾ ਹੈ। ਭਾਵੇਂ ਗੁਰਬਾਣੀ ਦੀਆਂ ਲਗਾਂਮਾਤਰਾਂ ਪੁਰਾਤਨ ਢੰਗ ਨਾਲ ਲੱਗੀਆਂ ਹੋਈਆਂ ਹਨ, ਪਰ ਫਿਰ ਵੀ ਇਸ ਦੀ ਖਾਸ ਉਚਾਰਨ ਵਿਧੀ ਪ੍ਰਚੱਲਤ ਅਤੇ ਪ੍ਰਵਾਨਿਤ ਹੈ। ਗੁਰਬਾਣੀ ਦੇ ਉਚਾਰਨ ਵਿੱਚ ਮੁਖ ਦੋਸ਼ ਪੰਜਾਬ ਦੇ ਉਪ-ਭਾਸ਼ਾਈ ਇਲਾਕਿਆਂ ਦੇ ਪ੍ਰਭਾਵ ਕਰਕੇ ਹੁੰਦਾ ਹੈ, ਜਿਵੇਂ ਜੇ ਕੀਰਤਨੀਆਂ 'ਬਿਰਖ' ਨੂੰ 'ਵਿਰਖ' ਬੋਲਦਾ ਹੈ, 'ਵਾਹਿਗੁਰੂ' ਨੂੰ ਬੈਹਗੁਰੂ ਜਾਂ ਬਾਹਿਗੁਰੂ ਬੋਲਦਾ ਹੈ ਅਤੇ 'ਜੀਵਾਂ' ਨੂੰ ਜੀਮਾਂ ਬੋਲਦਾ ਹੈ ਤਾਂ ਇਹ ਉਚਾਰਨ ਦੋਸ਼ ਹਨ। ਅਭਿਆਸ ਨਾਲ ਹੀ ਇਹਨਾਂ ਦੋਸ਼ਾਂ ਨੂੰ ਦੂਰ ਕੀਤਾ ਜਾ ਸਕਦਾ ਹੈ।

6. ਗੁਰਬਾਣੀ ਦੀਆਂ ਤੁਕਾਂ ਉਚਾਰਨ ਸਮੇਂ ਆਦਰਸ਼ ਕੀਰਤਨੀਆਂ ਠੀਕ ਥਾਂ ਵਿਸਰਾਮ ਦਿੰਦਾ ਹੈ, ਕਿਉਂਕਿ ਵਿਸਰਾਮ ਅਰਥਾਂ ਤੇ ਪ੍ਰਭਾਵ ਪਾਉਂਦਾ ਹੈ। ਇਸ ਲਈ ਆਦਰਸ਼ ਕੀਰਤਨੀਆਂ ਗੁਰਬਾਣੀ ਦੇ ਅਰਥਾਂ ਦਾ ਅਧਿਐਨ ਕਰਦਾ ਰਹਿੰਦਾ ਹੈ। ਗੁਰਬਾਣੀ ਦੇ ਅਰਥ ਭਾਵ ਨੂੰ ਸਮਝ ਕੇ ਕੀਰਤਨ ਕਰਨ ਨਾਲ ਹੀ ਕੀਰਤਨ ਵਿੱਚ ਖਾਸ ਪ੍ਰਭਾਵ ਤੇ ਗਹਿਰਾਈ ਪੈਦਾ ਹੁੰਦੀ ਹੈ।

7. ਆਦਰਸ਼ ਕੀਰਤਨੀਆਂ ਸ਼ਬਦ ਦੇ ਭਾਵ ਅਨੁਸਾਰ ਸ਼ਬਦ ਦੀ ਗੀਤ ਜਾਂ ਟਿਊਨ ਬਣਾਉਂਦਾ ਹੈ। ਉਹ ਕਿਸੇ ਫ਼ਿਲਮੀ ਟਿਊਨ ਨੂੰ ਆਧਾਰ ਬਣਾ ਕੇ ਸ਼ਬਦ ਗਾਇਨ ਨਹੀਂ ਕਰਦਾ।

8. ਉਸ ਨੂੰ ਸ਼ਬਦ ਦੇ ਕਾਵਿ-ਰੂਪ ਦਾ ਵੀ ਗਿਆਨ ਹੁੰਦਾ ਹੈ। ਉਹ ਸ਼ਬਦ ਗੀਤ ਦਾ ਰੂਪ ਕਾਵਿ-ਰੂਪ ਦੇ ਅਨੁਕੂਲ ਬਣਾਉਂਦਾ ਹੈ ਅਤੇ ਗੁਰਬਾਣੀ ਵਿੱਚ ਪ੍ਰਯੁਕਤ ਕਾਵਿ-ਰੂਪ, ਪਦੇ, ਵਾਰਾਂ, ਛੰਤ, ਘੋੜੀਆਂ, ਅਲਾਹੁਣੀਆਂ ਆਦਿ ਦੀਆਂ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਦਾ ਹੈ।

9. ਗੁਰਬਾਣੀ ਦੀ ਕਿਸੇ ਵਿਸ਼ੇਸ਼ ਤੁਕ ਦੇ ਅਰਥ ਸਪੱਸ਼ਟ ਜਾਂ ਦ੍ਰਿੜ ਕਰਨ ਲਈ ਉਸ ਨੂੰ ਪ੍ਰਮਾਣ ਦੇਣ ਦਾ ਢੰਗ ਵੀ ਆਉਂਦਾ ਹੈ। ਉਹ ਪ੍ਰਮਾਣ ਕੇਵਲ ਵਿਖਾਵਾ ਕਰਨ ਲਈ ਹੀ ਨਹੀਂ ਦਿੰਦਾ।

10. ਵਿਆਖਿਆ ਉਹ ਕੋਈ ਖਾਸ ਗੱਲ ਸਪੱਸ਼ਟ ਕਰਨ ਲਈ ਹੀ ਕਰਦਾ ਹੈ। ਆਪਣੇ ਗਿਆਨ ਦੇ ਵਿਖਾਵੇ, ਆਪਣੀ ਜਾਂ ਵਿਸ਼ੇਸ਼ ਸਰੋਤੇ ਦੀ ਪ੍ਰਸੰਸਾ ਲਈ, ਵਿਆਖਿਆ ਨਹੀਂ ਕਰਦਾ।

11. ਉਹ ਸਹਿਜ ਨਾਲ ਕੀਰਤਨ ਕਰਦਾ ਹੈ। ਉਹ ਗੁਰਬਾਣੀ ਵਿਚੋਂ ਇਸ ਬਾਰੇ ਅਗਵਾਈ ਵੀ ਪ੍ਰਾਪਤ ਕਰਦਾ ਹੈ:-
ਸਹਜੇ ਗਾਵਿਆ ਥਾਇ ਪਵੈ॥

ਬਿਨੁ ਸਹਜੈ ਕਥਨੀ ਬਾਦਿ।। - ਪੰਨਾ 68

(ੲ) ਗੁਰਮਤਿ ਨਾਲ ਸੰਬੰਧਤ ਗੁਣ:- ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਚਾਰਧਾਰਾ ਨੂੰ ਗੁਰਮਤਿ ਕਿਹਾ ਜਾਂਦਾ ਹੈ। ਆਦਰਸ਼ ਕੀਰਤਨੀਆਂ ਗੁਰਮਤਿ ਦੇ ਗੁਣ ਵੀ ਧਾਰਨ ਕਰਦਾ ਹੈ।

1. ਆਦਰਸ਼ ਕੀਰਤਨੀਆਂ ਲਾਲਚ ਅਧੀਨ ਕੀਰਤਨ ਨਹੀਂ ਕਰਦਾ, ਸਗੋਂ ਉਸ ਨੂੰ ਕੀਰਤਨ ਕਰਨ ਸਮੇਂ ਇਹ ਸ਼ਬਦ ਵੀ ਯਾਦ ਰਹਿੰਦਾ ਹੈ :

ਭਲੋ ਭਲੋ ਰੇ ਕੀਰਤਨੀਆਂ।।
ਰਾਮ ਰਮਾ ਰਾਮਾ ਗੁਨ ਗਾਉ।।
ਛੋਡਿ ਮਾਇਆ ਕੇ ਧੰਧ ਸੁਆਉ।।

ਉਹ ਕਿਸੇ ਮਾਇਆਧਾਰੀ ਵਾਸਤੇ ਪਹਿਲਾਂ ਮਿਥਿਆ ਕੀਰਤਨ ਪ੍ਰੋਗਰਾਮ ਤਬਦੀਲ ਨਹੀਂ ਕਰਦਾ।

2. ਆਦਰਸ਼ ਕੀਰਤਨੀਏ ਨੂੰ ਆਪਣੇ ਕੀਰਤਨੀਏ ਹੋਣ ਤੇ ਵੀ ਹੰਕਾਰ ਨਹੀਂ ਹੁੰਦਾ ਹੈ, ਉਹ ਸਿਰਫ ਨਿਮਰਤਾ ਭਾਵ ਨਾਲ ਹੀ ਕੀਰਤਨ ਕਰਦਾ ਹੈ, ਜਿਵੇਂ ਗੁਰਬਾਣੀ ਦਾ ਫੁਰਮਾਣ ਹੈ:-

ਇਕਿ ਗਾਵਤ ਰਹੇ ਮਨਿ ਸਾਦੁ ਨਾ ਪਾਇ।।
ਹਉਮੈ ਵਿਚਿ ਗਾਵਹਿ ਬਿਰਥਾ ਜਾਇ।। ਪੰਨਾ 84

ਆਦਰਸ਼ ਕੀਰਤਨੀਆਂ ਜਦੋਂ ਕੀਰਤਨ ਕਰਦਾ ਹੈ ਉਸ ਵਿੱਚ ਸ਼ੁਕਰਾਨੇ ਦਾ ਭਾਵ ਹੁੰਦਾ ਹੈ ਜਾਂ ਅਰਦਾਸ ਦਾ ਜਾਂ ਗੁਰੂ ਪ੍ਰਮਾਤਮਾ ਦੀ ਉਸਤਤੀ ਦਾ। ਉਸ ਵਿਚੋਂ ਆਪਾ ਭਾਵ ਨਹੀਂ ਝਲਕਦਾ।

ਆਪ ਗਵਾਇ ਸੁ ਹਰਿ ਗੁਨਿ ਗਾਉ।। ਪੰਨਾ 270

3. ਉਹ ਕੀਰਤਨ ਪਰੇਮ ਨਾਲ ਕਰਦਾ ਹੈ ਤੇ ਦਿਲੋਂ ਕਰਦਾ ਹੈ, ਕਿਉਂਕਿ ਉਸ ਨੂੰ ਇਹ ਪਤਾ ਹੁੰਦਾ ਹੈ:-

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ
ਨਹੀਂ ਹਰਿ ਹਰਿ ਭੀਜੈ ਰਾਮ ਰਾਜੇ।।
ਜਿਨਾ ਅੰਤਰ ਕਪਟ ਵਿਕਾਰ ਹੈ
ਤਿਨਾ ਰੋਇ ਕਿਆ ਕੀਜੈ।।

ਪ੍ਰੇਮ ਨਾਲ ਕੀਤਾ ਕੀਰਤਨ ਹੀ ਪ੍ਰਭਾਵਸ਼ਾਲੀ ਹੁੰਦਾ ਹੈ। ਜੇ ਸੰਗੀਤ ਕਲਾ ਪੱਖੋਂ ਕੀਰਤਨ ਵਿੱਚ ਪਕਿਆਈ ਤੇ ਪ੍ਰੇਮ ਵਿੱਚ ਕਚਿਆਈ ਹੈ ਤਾਂ ਕੀਰਤਨ ਪ੍ਰਵਾਨ ਹੀ ਨਹੀਂ ਹੁੰਦਾ:-

ਜਿਸ ਨੋ ਪਰਤੀਤਿ ਹੋਵੈ।।
ਤਿਸ ਕਾ ਗਾਵਿਆ ਥਾਇ ਪਵੈ।।
ਸੁ ਦਰਗਹਿ ਪਾਵੈ ਮਾਨ।। ਪੰਨਾ 734

4. ਕੀਰਤਨੀਏ ਦਾ ਪਹਿਰਾਵਾ ਸਵੱਛ, ਪਰ ਸਾਦਾ ਹੁੰਦਾ ਹੈ। ਗੁਰਮਤਿ ਵਿੱਚ ਵਾਧੂ ਵਿਖਾਵੇ ਵਾਲੇ ਹਾਰ-ਸ਼ਿੰਗਾਰ ਦੀ ਮਨਾਹੀ ਹੈ।

5. ਆਦਰਸ਼ ਕੀਰਤਨੀਆਂ ਆਪਣੇ ਸਮੇਂ ਦਾ ਪਾਬੰਦ ਹੁੰਦਾ ਹੈ। ਉਹ ਕੀਰਤਨ ਸਮੇਂ ਸਿਰ ਸ਼ੁਰੂ ਕਰਦਾ ਅਤੇ ਸਮੇਂ ਸਿਰ ਸਮਾਪਤ ਕਰਦਾ ਹੈ।

ਇਹ ਆਦਰਸ਼ ਕੀਰਤਨੀਏ ਦੇ ਕੁਝ ਕੁ ਗੁਣ ਹਨ। ਉਂਜ ਜਿਹੜੇ ਗੁਣ ਅਸੀਂ ਕਿਸੇ ਚੰਗੇ ਵਿਅਕਤੀ ਵਿੱਚ ਵੇਖਦੇ ਹਾਂ, ਉਹੋਂ ਗੁਣ ਹੀ ਆਦਰਸ਼ ਕੀਰਤਨੀਏ ਵਿੱਚ ਵੀ ਹੁੰਦੇ ਹਨ। ਆਦਰਸ਼ ਕੀਰਤਨੀਆਂ ਲੋਕਾਂ ਵਿੱਚ ਹਰਮਨ-ਪਿਆਰਾ ਹੁੰਦਾ ਹੈ। ਇਸ ਲਈ ਉਸ ਨੂੰ ਹਰ ਵੇਲੇ ਸੁਚੇਤ ਰਹਿਣ ਦੀ ਲੋੜ ਰਹਿੰਦੀ ਹੈ ਤਾਂ ਜੋ ਉਸ ਦੀ ਕਿਸੇ ਵੀ ਹਰਕਤ ਜਾਂ ਬੋਲ ਦਾ ਬੁਰਾ ਪ੍ਰਭਾਵ ਨਾ ਪਵੇ।

---

## Soft music helps heart to recover

Soft music helps recovery from heart attacks and is now a serious adjunct to cardiac rehabilitation.

Soft music can be used for any thing from reducing the duration of stay in intensive care units to aiding anaesthesia during surgical procedure, according to the Heart Care Foundation of India (HCFI).

Heart patients around the world are now benefiting from soft back-ground music, played at outpatient departments, operation theatres and intensive care units.

Soft music also acts as a preventive against stress and those exposed to it would do well to devote some part of each day relaxing to the sound of music, the HCFI suggest.

For music to be effective in combating heart problems it should approximate the natural rhythm of the heart and should not be jarring or be loud, the HCFI said, noting that rock music has been found to raise the heart beat and blood pressure.

Folk tunes, and devotional music have been found to have an especially soothing effect, the HCFI said, citing several studies conducted on the effect of different kinds of music on body parameters.

"Soft music not only restores the body's natural rhythms but has also been found to increase the body's capacity to combat diseases and stiumulate the flow of good body enzymes."

**(Courthey,The Hindustan Times)**

# ਤੰਤੀ ਸਾਜ਼ ਤੇ ਗੁਰਮਤਿ ਸੰਗੀਤ

ਬੇਦੀ ਲਾਲ ਸਿੰਘ ਸਾਹਿਤਕਾਰ *

ਗਲੇ ਦੀ ਸੁਰੀਲੀ ਆਵਾਜ਼ ਹੋਰ ਅਸਰਦਾਰ ਬਣਾਉਣ ਲਈ ਗਾਉਣ ਵਾਲਿਆਂ ਨੇ ਪਹਿਲਾਂ ਸੁਰਾਂ ਦੀ ਗਿਣਤੀ ਨੀਅਤ ਕੀਤੀ। ਸੁਰਾਂ ਦੇ ਨਾਂ ਨੀਯਤ ਕੀਤੇ। ਇਹ ਸੁਰਾਂ ਸੱਤ ਹਨ ਅਤੇ ਇਹਨਾਂ ਦੇ ਨਾਂ ਇਸ ਪ੍ਰਕਾਰ ਹਨ।

| 1 | 2 | 3 | 4 | 5 | 6 | 7 |
|---|---|---|---|---|---|---|
| ਸਾ | ਰੇ | ਗ | ਮਾ | ਪਾ | ਧਾ | ਨੀ |

ਫਿਰ ਸੰਗੀਤਕਾਰਾਂ ਨੇ ਗਾਇਨ ਲਈ ਨਿਯਮ-ਬਧ ਰਾਗਾਂ ਦੀ ਰਚਨਾ ਕੀਤੀ। ਇਹਨਾਂ ਰਾਗਾਂ ਨੂੰ ਹੋਰ ਸੁਹੇਲੇ ਅਤੇ ਮਨਮੋਹਣੇ ਬਣਾਉਣ ਲਈ ਅਨੇਕ ਪ੍ਰਕਾਰ ਦੇ ਸਾਜ਼ ਬਣਾਏ। ਅਸੀਂ ਇਥੇ ਗੁਰਮਤਿ ਸਾਜ਼ਾਂ ਦੀ ਜਾਣਕਾਰੀ ਦੇਣ ਦੀ ਖੁਸ਼ੀ ਲੈ ਰਹੇ ਹਾਂ। ਗੁਰਮਤਿ ਵਿੱਚ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਭਾਈ ਮਰਦਾਨਾ ਜੀ ਨੂੰ ਭਾਈ ਫਰਿੰਦਾ ਜੀ ਤੋਂ ਰਬਾਬ ਦਾ ਸਾਜ਼ ਸ਼ਬਦ ਗਾਇਨ ਕਰਨ ਲਈ ਲੈ ਕੇ ਦਿੱਤਾ ਸੀ। ਇਸ ਰਬਾਬ ਨੂੰ ਵਜਾਉਣ ਨਾਲ ਭਾਈ ਮਰਦਾਨੇ ਨੂੰ ਰਬਾਬੀ ਦੀ ਪਦਵੀ ਪ੍ਰਦਾਨ ਕੀਤੀ ਸੀ। ਗੁਰੂ ਨਾਨਕ ਦੇਵ ਜੀ ਨੇ 'ਭਾਈ' ਦੀ ਪਦਵੀ ਵੀ ਸਭ ਤੋਂ ਪਹਿਲਾਂ ਭਾਈ ਮਰਦਾਨਾ ਜੀ ਨੂੰ ਹੀ ਬਖਸ਼ਿਸ਼ ਕੀਤੀ ਸੀ। ਅਸਲ ਵਿੱਚ ਭਾਰਤ ਦੇ ਧਾਰਮਿਕ ਸੰਗੀਤਕ ਇਤਿਹਾਸ ਵਿੱਚ ਵੀ ਤੰਤੀ ਸਾਜ਼ਾਂ ਨੂੰ ਹੀ ਪ੍ਰਮੁਖਤਾ ਪ੍ਰਾਪਤ ਹੈ। ਇਸ ਦੀ ਮਿਸਾਲ ਹੈ ਕਿ ਅੱਜ ਵੀ ਹਰਿਦਵਾਰ, ਕਾਸ਼ੀ, ਉਜੈਨ, ਪ੍ਰਯਾਗ, ਸੋਮਨਾਥ, ਮਥਰਾ, ਅਯੁੱਧਿਆ ਵਰਗੇ ਪੁਰਾਤਨ ਧਾਰਮਿਕ ਅਸਥਾਨਾਂ ਦੇ ਮੰਦਰਾਂ ਵਿੱਚ ਤੰਤੀ ਸਾਜ਼ਾਂ ਨਾਲ ਭਜਨ ਆਦਿ ਗਾਏ ਜਾਂਦੇ ਹਨ। ਇੱਥੇ ਹੀ ਬਸ ਨਹੀਂ ਸਗੋਂ ਸੂਫ਼ੀ ਫਕੀਰਾਂ ਨੇ ਗਾਇਨ ਲਈ ਤੰਤੀ ਸਾਜ਼ਾਂ ਨੂੰ ਹੀ ਨੀਯਤ ਕੀਤਾ ਹੋਇਆ ਸੀ। ਅੱਜ ਭਾਵੇ ਸੂਫ਼ੀਆਂ ਦੇ ਡੇਰਿਆਂ ਵਿੱਚ ਹਰਮੋਨੀਅਮ ਨੇ ਥਾਂ ਬਣਾ ਲਈ ਹੈ ਪਰੰਤੂ ਆਮ ਕਰਕੇ ਤੰਤੀ ਸਾਜ਼ਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ।

ਇੱਕ ਪ੍ਰਸਿੱਧ ਸੂਫ਼ੀ ਫ਼ਕੀਰ ਕਲੰਦਰ ਨੇ ਇਹ ਗੱਲ ਕਹੀ ਹੈ ਕਿ ਤੰਤੀ ਸਾਜ਼ ਹੀ ਪ੍ਰਾਣੀ ਨੂੰ ਵਿਸਮਾਦ ਦਾ ਜੀਵਨ ਪ੍ਰਦਾਨ ਕਰਦੇ ਹਨ। ਤੰਤੀ ਸਾਜ਼ਾਂ ਦੀ ਸੁਰ ਵਿਅਕਤੀ ਨੂੰ ਆਪ ਮੁਹਾਰੇ ਹੀ ਮਸਤੀ (ਹਾਲ) ਦੀ ਅਵਸਥਾ ਵਿੱਚ ਲੈ ਜਾਂਦੀ ਹੈ। ਤੰਤੀ ਸਾਜ਼ਾਂ ਦੀਆਂ ਸੁਰਾਂ ਦਾ ਵਿਅਕਤੀ ਦੇ ਮਨ ਉਤੇ ਗਹਿਰਾ ਅਸਰ ਹੁੰਦਾ ਹੈ। ਇਸ ਕਾਰਨ ਅੱਜ ਵੀ ਸੂਫ਼ੀਆਂ ਦੇ ਡੇਰਿਆ ਉੱਤੇ ਤੰਤੀ ਸਾਜ਼ਾਂ ਦਾ ਬੋਲ-ਬਾਲਾ ਹੈ। ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਦੇ ਦਰਬਾਰਾਂ ਵਿੱਚ ਤੰਤੀ ਸਾਜ਼ਾਂ ਨਾਲ ਹੀ ਗੁਰਬਾਣੀ ਦਾ ਕੀਰਤਨ ਹੁੰਦਾ ਰਿਹਾ ਹੈ।

ਸ੍ਰੀ ਹਰਮੰਦਰ ਸਾਹਿਬ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਸਰੰਦੇ ਨਾਲ ਗੁਰਬਾਣੀ ਦਾ ਕੀਰਤਨ ਕਰਿਆ ਕਰਦੇ ਸਨ। ਜਦੋਂ ਸੱਤਾ ਬਲਵੰਡ ਕੀਰਤਨ ਕਰਨ ਤੋਂ ਮੁਨਕਰ ਹੋਏ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਧਾਰਨ ਸਿੱਖ ਸੇਵਕਾਂ ਨੂੰ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਸੇਵਾ ਬਖ਼ਸ਼ੀ ਜਿਸ ਦੀ ਬਦੌਲਤ ਸੰਗੀਤ, ਸੰਗੀਤ ਘਰਾਣਿਆਂ ਵਿਚੋਂ ਨਿਕਲ ਕੇ ਸਧਾਰਨ ਸਿੱਖ ਸੇਵਕਾਂ ਪਾਸ ਆ ਗਿਆ।

ਪਹਿਲਾਂ-ਪਹਿਲ ਸੰਗੀਤ ਪਰੰਪਰਾਈ ਤੌਰ ਤੇ ਬ੍ਰਾਹਮਣਾਂ ਦੇ ਘਰਾਂ ਵਿੱਚ ਸੀ। ਪ੍ਰਸਿੱਧ ਹਿੰਦੂ ਮੰਦਰਾਂ ਵਿੱਚ ਅਜੇ ਵੀ ਬ੍ਰਾਹਮਣ ਹੀ ਸੰਗੀਤ ਦੀ ਸੇਵਾ ਕਰਦੇ ਹਨ। ਸੰਗੀਤ ਨੂੰ ਜੱਦੀ ਵਿਰਾਸਤ ਸਮਝ ਕੇ ਇਹਨਾਂ ਨੇ ਆਪਣੇ ਧੀਆਂ-ਪੁੱਤਰਾਂ ਨੂੰ ਵੀ ਸੰਗੀਤਕਾਰ ਬਣਾਇਆ। ਚੌਧਵੀਂ ਸਦੀ ਤੱਕ ਮੰਦਰਾਂ ਅਤੇ ਸਮਾਗਮਾਂ ਵਿੱਚ ਬ੍ਰਾਹਮਣ ਹੀ ਕੀਰਤਨ ਕਰਦੇ ਸਨ। ਫਿਰ ਮੁਸਲਮਾਨੀ ਹਕੂਮਤ ਦੇ ਦਬਾ ਹੇਠ ਇਹ ਮੁਸਲਮਾਨ ਬਣ ਗਏ ਪਰੰਤੂ ਇਹ ਕਿੱਤਾ ਸੰਗੀਤਕਾਰੀ ਦਾ ਹੀ ਕਰਦੇ ਰਹੇ। ਇਹਨਾਂ ਦੀਆਂ ਰੀਤਾਂ ਹਿੰਦੂ ਬ੍ਰਾਹਮਣਵਾਦ ਨਾਲ ਹੀ ਮਿਲਦੀਆਂ ਹਨ। ਸਰਸਵਤੀ ਦੇਵੀ ਤੰਤੀ ਸਾਜ਼ਾਂ ਨਾਲ ਭਜਨ ਗਾਇਨ ਕਰਦੀ ਹੁੰਦੀ ਸੀ। ਮੀਰਾਂ ਬਾਈ ਵੀ ਤੰਤੀ ਸਾਜ਼ਾਂ ਨਾਲ ਭਜਨ ਗਾਉਂਦੀ ਸੀ। ਸੂਰ ਦਾਸ ਨੇ ਤੰਤੀ ਸਾਜ਼ਾਂ ਨਾਲ ਗਾ ਕੇ ਪ੍ਰਭੂ ਨੂੰ ਪਾਇਆ ਸੀ। ਗਣ-ਗੰਧਰਵ ਵੀਂ ਤੰਤੀ ਸਾਜ਼ਾਂ ਨਾਲ ਗਾ ਕੇ ਹੀ ਪ੍ਰਭੂ ਦੀ ਉਸਤਤ ਕਰਿਆ ਕਰਦੇ ਸਨ। ਪੱਛਮੀ ਦੇਸਾਂ ਵਿੱਚ ਅੱਜ ਵੀ ਤੰਤੀ ਸਾਜ਼ਾਂ ਦਾ ਬੋਲ-ਬਾਲਾ ਹੈ।

ਅੱਜ ਸੰਗੀਤਕਾਰਾਂ ਵਿੱਚ ਹਰ ਵਿਅਕਤੀ ਸਮਰਥ ਸਿੱਧ ਹੋ ਰਿਹਾ ਹੈ। ਭਾਵੇਂ ਕੋਈ ਖੱਤਰੀ ਹੈ, ਜੱਟ ਹੈ ਜਾਂ ਅਖੌਤੀ ਸੂਦਰ ਜਾਤੀ। ਅੱਜ ਸੂਦਰਾਂ ਚੋਂ ਬੜੇ ਸੰਗੀਤਕਾਰ ਪੈਦਾ ਹੋ ਰਹੇ ਹਨ ਅੱਜ ਸੰਗੀਤਕਾਰੀ ਜੱਦੀ ਉੱਖੜ ਰਹੀ ਹੈ। ਪਹਿਲੇ ਯੁਗਾਂ ਵਿੱਚ ਪ੍ਰਧੀਨਤਾ ਨੇ ਪਿੱਛੇ ਰਹੀਆਂ ਜਾਤੀਆਂ ਨੂੰ ਅਜਿਹਾ ਮਧੋਲਿਆ ਤੇ ਲਿਤਾੜਿਆ ਸੀ ਉਸ ਸਮੇਂ ਜੱਦੀ ਵਿਰਸੇ ਦੇ ਕੰਮ ਹੀ ਪ੍ਰਚਲਿਤ ਰਹੇ। ਬ੍ਰਾਹਮਣ ਧਰਮ ਵੱਲੋਂ ਵੈਸ਼ ਤੇ ਸ਼ੂਦਰਾਂ ਨੂੰ ਸੰਸਕ੍ਰਿਤ ਪੜ੍ਹਨੀ ਮਨ੍ਹਾਂ ਸੀ। ਗੁਰਮਤਿ ਵਿੱਚ ਹਰ ਪ੍ਰਾਣੀ ਨੂੰ ਗੁਰਬਾਣੀ ਗਾਇਨ ਦੀ ਖੁੱਲ ਹੈ। ਗੁਰਮਤਿ ਵਿੱਚ ਪ੍ਰਸਿੱਧ ਸਾਜ਼ ਹਨ: ਰਬਾਬ, ਸਰੰਦਾ, ਤਾਊਸ, ਸਰੰਗੀ। ਇਹਨਾ ਦੇ ਨਾਲ ਢੋਲਕ, ਕੈਸੀਆਂ, ਛੈਣੇ ਅਤੇ ਖੜਤਾਲਾਂ ਪ੍ਰਚਲਿਤ ਹਨ।

ਵੀਹਵੀਂਧੀ ਸਦੀ ਵਿੱਚ ਜਰਮਨ ਦੀ ਨਵੀਨ ਕਾਢ ਦੇ ਹਰਮੋਨੀਅਮ ਨੇ ਗੁਰਦਾਵਾਰਿਆਂ ਵਿੱਚੋਂ ਤੰਤੀ ਸਾਜ਼ਾਂ ਨੂੰ ਦੇਸ ਨਿਕਾਲਾ ਦੇ ਕੇ ਆਪਣਾ ਸਿੱਕਾ ਜਮਾ ਲਿਆ ਹੈ। ਅੱਜ ਹਰ ਥਾਂ ਵਾਜੇ, ਜੋੜੀ ਨਾਲ ਹੀ ਕੀਰਤਨ ਹੁੰਦਾ ਹੈ। ਅੱਜ ਸਮਾਂ ਬਹੁ-ਸੰਮਤੀ ਦਾ ਹੈ, ਸਚਾਈ ਦਾ ਨਹੀਂ। ਜੇ ਕਿਸੇ ਗੱਲ ਦੇ ਨਿਰਣੇ ਲਈ ਬਹੁਤੇ ਝੂਠੇ ਲੋਕ ਇਕ ਅਵਾਜ਼ ਹੋ ਜਾਣ ਤਾਂ ਸਿਆਣਪ ਦਾ ਗਲਾ ਦਬਾ ਦਿੱਤਾ ਜਾਂਦਾ ਹੈ। ਇੰਜ ਹੀ ਅੱਜ ਹਰ ਗੁਰਦਵਾਰੇ ਵਿੱਚ ਵਾਜੇ ਤੇ ਜੋੜੀ ਨਾਲ ਹੀ ਕੀਰਤਨ ਹੋ ਰਿਹਾ ਹੈ। ਅਸੀਂ ਤੰਤੀ ਸਾਜ਼ਾਂ ਦੀ ਪਰੰਪਰਾ ਨੂੰ ਸੁਰਜੀਤ ਕਰਨ ਲਈ ਕਈ ਲੇਖ ਲਿਖੇ ਅਤੇ

* 48/1 ਬੇਦੀ ਨਿਵਾਸ, ਨਰੈਣਗੜ੍ਹ, ਛਿਹਰਟਾ, ਅੰਮ੍ਰਿਤਸਰ 143106

ਮਤੇ ਵੀ ਪਾਸ ਕਰਵਾਏ ਪਰੰਤੂ ਉਹ ਸਾਰੇ ਬਹੁ-ਸੰਮਤੀ ਦੇ ਅੱਗੇ ਗੋਡੇ ਟੇਕ ਗਏ ਹਨ। ਤੂਤੀ ਦੀ ਆਵਾਜ਼ ਨਗਾਰਖਾਨੇ ਵਿੱਚ ਨਹੀਂ ਸੁਣੀ ਜਾਂਦੀ। ਇਸ ਤਰ੍ਹਾਂ ਹੀ ਸਾਡੀ ਅਵਾਜ਼ ਦਾ ਵੀ ਹਾਲ ਹੋਇਆ। ਹੁਣ ਹਾਰ ਕੇ ਚੁਪ ਧਾਰ ਲਈ ਹੈ ਕਿ ਅੱਜ ਬਹੁ-ਸੰਮਤੀ ਅੱਗੇ ਕੋਈ ਜ਼ੋਰ ਨਹੀ।

ਹੁਣ ਅਸੀਂ ਬਹੁਤ ਮੁਸ਼ਕਿਲ ਨਾਲ ਇਹ ਗੱਲ ਪ੍ਰਚਲਿਤ ਕਰਾਈ ਹੈ ਕਿ ਜਿਨ੍ਹਾਂ ਰਾਗਾਂ ਵਿਚ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਕੀਤੀ ਹੈ, ਉਸਦਾ ਗਾਇਨ ਉਸ ਰਾਗ ਵਿੱਚ ਹੀ ਕੀਤਾ ਜਾਵੇ ਪਰੰਤੂ ਅਜੇ ਵੀ ਰਾਗੀ ਮਨ ਮਰਜ਼ੀ ਦੀਆਂ ਫਿਲਮੀ ਤਰਜ਼ਾਂ ਉੱਤੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਖ਼ੁਸ਼ ਕਰ ਰਹੇ ਹਨ।

ਆਪਣੀਆਂ ਰਚਨਾਵਾਂ ਬਣਾ ਰਹੇ ਹਨ। ਮਨਮਰਜ਼ੀ ਦੀਆਂ ਤਰਜ਼ਾਂ ਤੇ ਗਾਉਣ ਤੋਂ ਉਹਨਾਂ ਨੂੰ ਰੋਕਣਾ ਸੰਗਤਾਂ ਦਾ ਫਰਜ਼ ਹੈ। ਅਸੀਂ ਫਿਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਹੋਰ ਪ੍ਰਸਿੱਧ ਸੰਪਰਦਾਵਾਂ ਅਤੇ ਪ੍ਰਬੰਧਕਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਉਹ ਇਸ ਮਨਮਤਿ ਨੂੰ ਰੋਕ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ। ਇਸ ਗੁਰ ਸ਼ਬਦ ਦਾ ਨਿਰਾਦਰ ਨਾ ਕਰਨ।

ਗੁਰਬਾਣੀ ਨੂੰ ਗੁਰ ਸਾਹਿਬਾਨ ਦੇ ਰਚੇ ਰਾਗਾਂ ਵਿੱਚ ਹੀ ਗਾਇਨ ਕਰਨ ਦੀ ਪਰੰਪਰਾ ਪ੍ਰਚਲਿਤ ਕਰਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਤੇ ਅਸੀਸ਼ਾ ਪ੍ਰਾਪਤ ਕਰਨ। ਮਨਮਤਿ ਤੋਂ ਛੁਟਕਾਰਾ ਪਾ ਕੇ ਗੁਰਮਤਿ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਤਾਂ ਕਿ ਸੰਗੀਤ ਕਲਾ ਦੀ ਵਰਤੋਂ ਨਾਲ ਸੰਸਾਰ ਭਰ ਵਿੱਚ ਪੰਥ ਦੀ ਚੜ੍ਹਦੀ ਕਲਾ ਉਜਾਗਰ ਹੋਵੇ।

---

## YOUTH CARRER COUNSELLING

1. A unique mission to imaprt recognised educational/ Vocational certificate couses through open school learning system for school drop-outs, girls, working adults, handicapped persons etc; An autonomous Educational Society set up under Ministry of Human Resources, Govt; of India. For details of courses & admission contact, The Executive Officer (PR) National open School, B-31B, Kailash Colony, New Delhi 110048

2. The Scheduled Caste/Tribes students, whose parents annual income falls below Rs. 44,500/- can avail monthly scholorship, course fee & annual fixed grant for purcahse of books etc; For details contact local District Social Welfare Officer.

3. National Minorities Development And Finance Corporation & National Backward Classes Finance Development Corporation (both under Ministry of Welfare Govt; of India), Provide soft loans & Financial assisstance for technical training, setting up of self employment ventures to individuals & their Co-operative Societies at nominal interrest @ 4% Eligibility criteria is that beneficiaries should belong to SC/BC/ST or of minority communities who are falling below poverty line & family's annual income should not exceed Rs. 22,000/-. For details contact State's Agencies like Punjab State Backward Classes Land Development & Finance Corpn. SCO No. 60-61, Sector 17A, Chandigarh.

4. The Director of Manpower Planning & Recruitment, Naval Head Quarters Room No. 204, 'C' Wing, Sena Bhawan , New Delhi-110011, invite application from bright 10+2 passed students for admission to Naval College, of Engineering, Lonavala (Pune)- Session Dec. 98. All costs of training, clothings & messing charges etc; are borne by Navy. Last date of receipt of application is 09-07-98. For details & format refer Tribune of 02-05-98.

5. For career in rehabilitation of disabled, apply for one year Post-Graduate Diploma in Special Education or Basic Development Therapy Course for session starting Aug. '98-July 1999. Eligibility Bachelor's Degree with min. age of 20 years, Financial aid also available. Contact The Spastics Society of Northern India, Balbir Sexana Marg, Hauz Khas, New Delhi-110016.

6. For promotion of Renewable Energy Based Projects-Bio Gas Plants, Solar Power/Hydrel Generation, Biomass Briquetting, Farm/Domestic Pumps & Heaters, Solar Cookers & Energy Efficiency & Conservation etc; On Easy loan at subsidised rated. For Institutions & Individuals- Contact Indian Renewable Energy Dev. Agency or North India Technical Consultancy Organisation, SCO 131-132, Sector 17-C, Chandigarh 160017

**For further Consultancy/ Counselling contact:**

S. Mohindar Singh, 457, Sector 59, S.A.S. Nagar - 160059, by appointment -Phone: 672295

# ਸ਼ਾਹ ਹੁਸੈਨ ਦਾ ਸੰਗੀਤ ਖੇਤਰ ਵਿੱਚ ਯੋਗਦਾਨ

ਡਾ. ਮਨਵਿੰਦਰ ਕੌਰ *

ਸ਼ਾਹ ਹੁਸੈਨ ਪੰਜਾਬੀ ਦਾ ਮਸ਼ਹੂਰ ਕਵੀ ਅਤੇ ਸੂਫ਼ੀ ਫਕੀਰ ਹੋਣ ਦੇ ਨਾਲ-ਨਾਲ ਸੰਗੀਤ ਖੇਤਰ ਵਿਚ ਵੀ ਆਪਣੀ ਵਿਸ਼ੇਸ਼ ਥਾਂ ਰੱਖਦਾ ਹੈ। ਸ਼ਾਹ ਹੁਸੈਨ ਸ਼ਾਸਤਰੀ ਸੰਗੀਤ ਦਾ ਮਹਾਨ ਉਸਤਾਦ ਸੀ। ਨਿਰਤ ਬਾਰੇ ਵੀ ਉਸ ਨੂੰ ਪੂਰੀ ਜਾਣਕਾਰੀ ਸੀ।

ਸ਼ਾਹ ਹੁਸੈਨ ਦਾ ਜਨਮ 1538 ਈ: ਨੂੰ ਲਾਹੌਰ ਵਿੱਚ ਹੋਇਆ। ਇਸ ਦੇ ਪਿਤਾ ਦਾ ਨਾਮ ਉਸਮਾਨ ਸੀ ਜੋ ਜੁਲਾਹੇ ਦਾ ਕੰਮ ਕਰਦਾ ਸੀ। ਅਤੇ ਉਸ ਦਾ ਦਾਦਾ ਹਿੰਦੂ ਸੀ ਜਿਸ ਦਾ ਨਾਮ ਕੁਲਦਾਸ ਸੀ। ਸ਼ਾਹ ਹੁਸੈਨ ਦਾ ਗੋਤ ਚੱਡਾ ਸੀ । ਸ਼ਾਹ ਹੁਸੈਨ ਬਚਪਨ ਤੋਂ ਹੀ ਅਲਬੇਲੀ ਤਬੀਅਤ ਦਾ ਮਾਲਕ ਸੀ। ਜੀਵਨ ਦੇ 26 ਵਰ੍ਹੇ ਇਸ ਨੇ ਤਪ ਵਿਚ ਗੁਜ਼ਾਰੇ। ਇਸ ਤੋਂ ਪਿੱਛੋਂ ਉਸ ਦੇ ਮਨ ਵਿੱਚ ਇਹ ਗੱਲ ਘਰ ਕਰ ਗਈ ਕਿ ਮਾਲਕ ਦੀ ਲੀਲਾ ਤੋਂ ਬਿਨਾਂ ਇਹ ਸੰਸਾਰ ਕੁੱਝ ਵੀ ਨਹੀਂ।

ਸ਼ਾਹ ਹੁਸੈਨ ਗਾਇਨ ਦਾ ਬਹੁਤ ਵੱਡਾ ਉਸਤਾਦ ਸੀ, ਉਸ ਨੇ ਬਚਪਨ ਤੋਂ ਹੀ ਗਾਇਨ ਵਿੱਚ ਸੁਚਜੀ ਵਿੱਦਿਆ ਹਾਸਲ ਕੀਤੀ। ਉਹ ਗਾਇਨ-ਵਾਦਕਾਂ ਦੀ ਟੋਲੀ ਨੂੰ ਨਾਲ ਲੈ ਕੇ ਸਵੇਰ ਤੋਂ ਸ਼ਾਮ ਤਕ ਸਾਰੇ ਸ਼ਹਿਰ ਵਿੱਚ ਘੁੰਮਦਾ ਰਹਿੰਦਾ ਸੀ। ਉਹ ਇਕ ਬਹੁਤ ਵੱਡਾ ਸੂਫ਼ੀ ਫ਼ਕੀਰ ਵੀ ਮੰਨਿਆ ਗਿਆ ਹੈ।

ਉਹ ਅਪਣੇ ਜੀਵਨ ਵਿੱਚ ਵਿਛੋੜੇ ਦੇ ਗੀਤ ਹੀ ਗਾਉਂਦਾ ਰਿਹਾ। ਉਸ ਦੀਆਂ 165- ਰਚਨਾਵਾਂ ਭਿੰਨ-ਭਿੰਨ ਰਾਗਾਂ ਵਿਚ ਮਿਲਦੀਆਂ ਹਨ। ਸ਼ਾਹ ਹੁਸੈਨ ਦੀਆਂ ਰਚਨਾਵਾਂ ਦੀ ਭਾਸ਼ਾ ਠੇਠ ਪੰਜਾਬੀ ਹੈ। ਸ਼ਾਹ ਹੁਸੈਨ ਨੂੰ ਗੁਰੂ ਨਾਨਕ ਦੇਵੀ ਜੀ ਪ੍ਰਤੀ ਬਹੁਤ ਸ਼ਰਧਾ ਸੀ। ਉਸ ਦੀਆਂ ਰਚਨਾਵਾਂ ਉਪਰ ਵੀ ਗੁਰੂ ਨਾਨਕ ਦੀ ਬਾਣੀ ਦਾ ਪ੍ਰਭਾਵ ਸਪੱਸ਼ਟ ਵਿਖਾਈ ਪੈਂਦਾ ਹੈ। 'ਰਹਾਓ', ਦੀ ਵਰਤੋਂ ਨਾਨਕ ਬਾਣੀ ਵਾਂਗ ਹੀ ਉਸ ਨੇ ਵੀ ਕੀਤੀ। ਸ਼ਾਹ ਹੁਸੈਨ ਦੀਆਂ ਰਚਨਾਵਾਂ ਦੇ ਭਾਵ ਅਰਥ ਰਾਗਾਂ ਦੇ ਰਸ ਅਨੁਕੂਲ ਹਨ। ਡਾ. ਮੋਹਨ ਸਿੰਘ ਜੀ ਲਿਖਦੇ ਹਨ ਸ਼ਾਹ ਹੁਸੈਨ ਇਕ ਅਨੁਭਵੀ, ਮਸਤ, ਸੋਚਵਾਨ ਤੇ ਸਰਬੰਗੀ ਚੇਤਨਾ ਭਾਵ ਵਾਲਾ ਕਵੀ ਤੇ ਸੂਫ਼ੀ ਫ਼ਕੀਰ ਸੀ, ਉਸ ਦੇ ਸਾਰੇ ਬਚਨ ਉਸ ਦੀ ਆਤਮਾ ਦੇ ਹੁਲਾਰੇ ਹਨ। "ਉਸ ਦੀ ਹਰ ਰਚਨਾ ਦਾ ਵਿਸ਼ਾ ਰਾਗਾਂ ਦੇ ਅਨੁਕੂਲ ਹੈ। ਉਸ ਦੀ ਬੋਲੀ ਮਸਤੀ ਨੂੰ ਕਾਇਮ ਰੱਖਦੀ ਹੈ। ਸ਼ਾਹ ਹਸੈਨ ਨੇ ਆਪਣੀ ਅੰਤਰ ਆਤਮਾ ਦੀ ਪੁਕਾਰ ਨੂੰ ਪ੍ਰਗਟਾਉਣ ਲਈ ਸੰਗੀਤ ਨੂੰ ਮਾਧਿਅਮ ਬਣਾਇਆ। ਸ਼ਾਹ ਹੁਸੈਨ ਨੇ ਕਈ ਗੀਤ ਵਸਲ ਅਤੇ ਆਨੰਦ ਦੇ ਗਾਏ। ਜਿਵੇਂ:-

1. ***"ਸਾਜਨ ਮੇਰਾ ਅੱਖੀਂ ਵਿੱਚ ਵਸਦਾ"***
2. ***"ਰਾਂਝਣ ਰਾਂਝਣ ਕੂਕਦੀ ਮੈਂ ਆਪੇ ਰਾਂਝਣ ਹੋਈ"***

ਇਨ੍ਹਾਂ ਸ਼ਬਦਾਂ ਵਿੱਚ ਕਿਨਾਂ ਵਲਵਲਾ ਹੈ ਜੋ ਮਨ ਦੀਆਂ ਤਾਰਾਂ ਨੂੰ ਸਹਿਜੇ ਹੀ ਜਾ ਛੇੜਦੀਆਂ ਹਨ। ਇਕ ਹੋਰ ਰਚਨਾਂ ਦਾ ਨਮੂਨਾ ਵੇਖੋ:-

***"ਨੀ ਮਾਏ ਮੈਨੂੰ ਖੇੜਿਆਂ ਦੀ ਗੱਲ ਨਾ ਆਖ।***
***ਰਾਂਝਣ ਮੇਰਾ ਮੈਂ ਰਾਂਝਣ ਦੀ ਖੇੜਿਆਂ ਨੂੰ ਕੂੜੀ ਝਾਕ।***
***ਲੋਕ ਜਾਨਣ ਹੀਰ ਕਮਲੀ ਹੋਈ, ਹੀਰ ਦਾ ਵਰ ਚਾਕ***
***ਕਹੇ ਹੁਸੈਨ ਫ਼ਕੀਰ ਸਾਂਈ ਦਾ ਜਾਣਦਾ ਮਉਲਾ ਆਪ।"***

(ਰਾਗ ਬਿਲਾਵਲ)

ਸ਼ਾਹ ਹੁਸੈਨ ਦੀ ਹਰ ਰਚਨਾ ਸੰਗੀਤ ਉਪੱਰ ਅਧਾਰਿਤ ਹੈ। ਸ਼ਾਹ ਹੁਸੈਨ ਨੇ 35 ਰਾਗਾਂ ਵਿੱਚ 165 ਕਾਫੀਆਂ ਦੀ ਰਚਨਾ ਕੀਤੀ ਹੈ। ਜਿਵੇਂ: ਰਾਗ ਸ੍ਰੀ, ਗਾਉੜੀ, ਮਾਝ, ਕਾਫ਼ੀ, ਆਸਾ, ਅਸਾਵਰੀ ਝਿੰਝੋਟੀ ਤੇ ਗੁਜਰੀ ਆਦਿ। ਸ਼ਾਹ ਹੁਸੈਨ ਭਾਰਤੀ ਰਾਗਾਂ ਦੇ ਸਮੇਂ ਸਿਧਾਂਤ ਦਾ ਵੀ ਚੰਗਾ ਜਾਣੂ ਸੀ। ਉਧਾਰਣ ਵਜੋਂ ਉਸ ਦੀ ਇੱਕ ਕਾਫ਼ੀ' ਰਾਗ ਆਸਾ ਵਿੱਚ ਇਸ ਤਰ੍ਹਾਂ ਹੈ:-

***"ਜਾਗ ਨਾ ਲੱਧੀਆ ਸੁੱਣ ਜਿੰਦੂ, ਹਭੋ ਵਿਹਾਣੀ ਰਾਤ। ਰਹਾਓ***
***ਇਸ ਦੱਮ ਦਾ ਵੋ ਕੀ ਭਰਵਾਸਾ, ਰਹਿਨ ਸਰਾਂ ਈ ਰਾਤ।***
***ਵਿਛੁੜੇ ਤਨ ਮਨ ਬਹੁੜ ਨਾ ਮੇਲਾ, ਜਿਓ ਤਰਵਰ ਤੁਟੇ ਪਾਤ***
***ਕਹੇ ਹੁਸੈਨ ਫ਼ਕੀਰ ਸਾਂਈ ਦਾ, ਹੋਇ ਗਈ ਪ੍ਰਭਾਤ।"***

ਇਸ ਕਾਫ਼ੀ ਵਿਚ ਸ਼ਾਹ ਹੁਸੈਨ ਦਾ ਅੰਮ੍ਰਿਤ ਵੇਲੇ ਜਾਗ ਕੇ ਰੱਬ ਨੂੰ ਧਿਆਉਣ ਵਲ ਇਸ਼ਾਰਾ ਹੈ। ਰਾਗ ਆਸਾ ਜੋ ਅੰਮ੍ਰਿਤ ਵੇਲੇ ਗਾਏ ਜਾਣ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਦਾ ਹੈ। ਇਕ ਹੋਰ ਕਾਫ਼ੀ ਇਸ ਪ੍ਰਕਾਰ ਹੈ ਜਿਸ ਵਿੱਚ ਉਸ ਨੇ ਰਾਤਰੀ ਦੇ ਰਾਗ ਵਿੱਚ ਹੀ ਰਾਤ ਦੇ ਅੰਤਿਮ ਪਹਿਰ ਦਾ ਵਰਨਣ ਕੀਤਾ ਹੈ:-

***ਪਿਆਰੇ ਬਿਨ ਰਾਤੀਂ ਹੋਈਆਂ ਵਡੀਆਂ,***
***ਰਾਂਝਾਂ ਜੋਗੀ ਮੈਂ ਜੁਗਿਆਣੀ ਕਮਲੀ ਕਰਿ ਕਰਿ ਛੱਡੀਆਂ।***

ਇਸ ਰਾਤਰੀ ਸਮੇਂ ਦੀ ਕਾਵਿ ਰਚਨਾ ਨੂੰ ਗਾਉਣ ਲਈ ਸ਼ਾਹ ਹੁਸੈਨ ਨੇ ਰਾਤ ਦੇ ਪਰਜ ਰਾਗ ਦਾ ਸਹਾਰਾ ਲਿਆ ਹੈ।

ਸ਼ਾਹ ਹੁਸੈਨ ਦੀਆਂ ਰਚਨਾਵਾਂ ਵਿੱਚ ਲੈਯ ਅਤੇ ਤਾਲ ਦੀ ਰਵਾਨਗੀ ਵੀ ਕਮਾਲ ਦੀ ਹੈ। ਜਿਸ ਦੀ ਇਕ ਹੋਰ ਉਧਾਰਣ ਮੈਂ ਦੇ ਰਹੀ ਹਾਂ ਇਹ ਉਸ ਨੇ ਰਾਗ ਕੇਦਾਰ ਵਿੱਚ ਗਾਈ ਹੈ:-

1. 'ਮਾਏ ਨੀ' ਮੈਂ ਕਿਨੂੰ ਆਖਾਂ, ਦਰਦ ਵਿਛੋੜੇ ਦਾ ਹਾਲ। ਰਹਾਓ
2. ਧੂੰਆਂ ਧੁੱਖੇ ਮੁਰਸ਼ਿਦ ਵਾਲਾ, ਜਾ ਫੋਲਾਂ ਤਾਂ ਲਾਲ।
3. ਸੂਲਾਂ ਮਾਰ ਦੀਵਾਨੀ ਕੀਤੀ, ਬਿਰਹੋਂ ਪਈਆ ਸਾਡੇ ਖਿਆਲ।

ਇਸੇ ਤਰ੍ਹਾਂ :-

*ਘੁੰਮ ਚਰਖੜਾ ਸਾਂਈਆਂ ਦਾ, ਤੇਰੀ ਕੱਤਣ ਵਾਲੀ ਜੀਵੇ।*
*ਕੱਤਣ ਵਾਲੀ ਜੀਵੇ ਨਲੀਆ ਵਟਣ ਵਾਲੀ ਜੀਵੈ-ਆਦਿ।*

ਇਹ ਸਭ ਰਚਨਾਵਾਂ ਕੇਵਲ ਪੰਜਾਬੀ ਦਾ ਸ਼ਿੰਗਾਰ ਹੀ ਨਹੀਂ, ਬਲਕਿ ਸੰਗੀਤ ਪੱਖੋਂ ਵੀ ਬੇਮਿਸਾਲ ਹਨ।

ਇਸ ਪ੍ਰਕਾਰ ਸੰਗੀਤ ਦੇ ਖੇਤਰ ਵਿੱਚ ਚੰਗਾ ਯੋਗਦਾਨ ਪਾ ਕੇ ਇਸ ਸੂਫ਼ੀ ਫ਼ਕੀਰ, ਸ਼ਾਹ ਹੁਸੈਨ ਦਾ ਦੇਹਾਂਤ 63 ਸਾਲਾਂ ਦੀ ਉਮਰ ਭੋਗ ਕੇ 1599 ਈ: ਨੂੰ ਲਾਹੌਰ ਵਿਚ ਹੋ ਗਿਆ।

---

*ਬੀ-31/14 ਮੇਨ ਰੋਡ, ਗੁਰੂ ਅਰਜਨ ਦੇਵ ਨਗਰ ਲੁਧਿਆਣਾ

# ਕਰ ਕਿਰਪਾ ਮੇਲਹੁ ਰਾਮ

## ਬਬਲੀ ਐਸ. ਸਿੰਘ*

ਮੈਂ ਇਕ ਆਰਟਿਸਟ ਹਾਂ। ਵਧੀਆ ਚਿਤਰ ਬਣਾਉਣ ਲਈ ਕਿਸੇ ਪ੍ਰੇਰਨਾ ਦੀ ਲੋੜ ਹਰ ਵੇਲੇ ਰਹਿੰਦੀ ਹੈ। ਸਾਡੇ ਘਰ ਇੱਕ ਕੀਰਤਨੀਏ ਵੀਰ ਆਏ ਮੇਰੀ ਖਾਮੋਸ਼ ਇੱਛਾ ਸੀ ਕਿ ਇਹ ਅੱਜ ਕੋਈ ਅਜਿਹਾ ਸ਼ਬਦ ਸੁਣਾਉਣ ਜਿਸ ਤੋਂ ਪ੍ਰਭਾਵਿਤ ਹੋ ਕੇ ਮੈਂ ਉਸ ਕਲਪਨਾ ਉਡਾਰੀ ਨੂੰ ਕੈਨਵੈਸ ਤੇ ਸਾਕਾਰ ਕਰਾਂ। ਕਹਿੰਦੇ ਨੇ ਸੱਚੇ ਦਿਲੋਂ ਕੀਤੀ ਬੇਨਤੀ ਪ੍ਰਭੂ ਪ੍ਰਵਾਨ ਕਰਦੇ ਹਨ। ਮੈਂ ਵੀ ਚਾਹੁੰਦੀ ਸਾਂ ਕਿ ਇੱਕ ਐਸਾ ਸ਼ਬਦ ਸੁਣਨ ਨੂੰ ਮਿਲੇ ਕਿ ਬਿਰਹਾ ਬੇਦਨ ਤੇ ਬੇਨਤੀ ਦੇ ਰੰਗਾਂ ਨਾਲ ਇੱਕ ਦਿਲ ਨੂੰ ਛੂਹਣ ਵਾਲੀ ਪੇਟਿੰਗ ਬਣ ਜਾਏ। ਤੇ ਮੇਰੀ ਇਹ ਇੱਛਾ ਪੂਰੀ ਕਰਨ ਲਈ ਕੀਰਤਨੀਏ ਵੀਰ ਨੇ ਅਕਾਲ ਪੁਰਖ ਦੀ ਖਾਸ ਬਖਸ਼ਿਸ ਸਦਕਾ ਐਸਾ ਰੰਗ ਬੰਨ੍ਹਿਆ ਜਿਸ ਵਿਚ ਇਹ ਬੇਨਤੀ ਸੀ–



"ਨਾਨਕ ਕੀ ਬੇ-ਨੰਤੀਆ ਕਰਿ ਕਿਰਪਾ ਦੀਜੈ ਨਾਮੁ।"

ਇਸ ਵਿਚ ਇਹ ਦਰਦ ਸੀ।

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ। ਇਸ ਸ਼ਬਦ ਵਿਚ ਇਕ ਦਰਦ ਸੀ।

ਹਰਿ ਨਾਹ ਨ ਮਿਲੀਐ ਸਾਜਨੈ ਕਤਿ ਪਾਈਐ ਬਿਸਰਾਮ ਤੇ ਸਾਰੇ ਸ਼ਬਦ ਵਿਚ ਇਹ ਪੁਕਾਰ ਤੇ ਫਰਿਆਦ ਸੀ। ਕਿਰਤ ਕਰਮ ਕੇ ਵੀਛੜੇ ਕਰਿ ਕਿਰਪਾ ਮੇਲਹੁ ਰਾਮ।

ਕੀਰਤਨੀਏ ਵੀਰ ਦਾ ਇਹ ਲਾਈਨ ਪੜ੍ਹਨ ਦਾ ਅੰਦਾਜ਼ 'ਕਰਿ ਕਿਰਪਾ ਮੇਲਹੁ ਰਾਮ'

ਪ੍ਰਭੂ ਪਿਆਰੇ ਤੋਂ ਵਿਛੜੀਆਂ ਭਟਕਦੀਆਂ ਪਿਆਸੀਆਂ ਰੂਹਾਂ ਦੀ ਪੁਕਾਰ ਪ੍ਰਭੂ ਦੇ ਮਿਲਾਪ ਲਈ। ਫਰੀਦ ਜੀ ਨੇ ਸੱਚ ਹੀ ਕਿਹਾ ਹੈ–

"ਜਿਸ ਤਨ ਬਿਰਹਾ ਨ ਉਪਜੈ ਸੋ ਤਨੁ ਜਾਣ ਮਸਾਣ।" ਇਸ ਸ਼ਬਦ ਵਿੱਚ ਹਰ ਬਿਰਹਾ ਮਾਰੀ ਰੂਹ ਦੀ ਪੁਕਾਰ ਤੇ ਫਰਿਆਦ ਨੂੰ ਇਤਨੇ ਦਰਦ ਤੇ ਬੇਨਤੀ ਭਰੇ ਅੰਦਾਜ਼ ਵਿਚ ਗਾਇਆ ਕਿ ਜੇ ਕੋਈ ਪੂਰੀ ਤਰ੍ਹਾ ਜੁੜ ਕੇ ਕੀਰਤਨੀਏ ਨਾਲ ਗਾਏ ਇਸ ਸ਼ਬਦ ਦੇ ਨਾਲ ਨਾਲ ਸਤਿਗੁਰੂ ਅੱਗੇ ਅਰਜੋਈ ਕਰੇ ਤਾਂ ਮੇਰਾ ਵਿਸ਼ਵਾਸ ਹੈ ਦਾਤਾ ਅਰਜ਼ੋਈ ਸੁਣਕੇ ਉਸ ਨੂੰ ਅਪਣੇ ਗਲ ਨਾਲ ਜ਼ਰੂਰੀ ਲਗਾ ਲਏਗਾ। ਕਰਮਾਂ ਦੇ ਮਾਰੇ ਬਖਸ਼ੇ ਜਾਣਗੇ ਤੇ ਉਹ ਕਿਰਪਾ ਕਰਕੇ ਜ਼ਰੂਰ ਅਪਣੇ ਨਾਮ ਦੀ ਦਾਤ ਦੇਵੇਗਾ। ਮੈਂ ਅਪਣੇ ਕੀਰਤਨੀਏ ਵੀਰ ਦਾ ਧੰਨਵਾਦ ਕਰਦੀ ਹਾਂ ਜਿਸ ਨੇ ਮੇਰੀ ਇੱਛਾ ਪੂਰੀ ਕੀਤੀ ਤੇ ਜੋ ਪੇਟਿੰਗ ਬਿਰਹਾ ਬੇਦਨ ਤੇ ਬੇਨਤੀ ਦੇ ਰੰਗ ਭਰ ਕੇ ਮੈਂ ਉਹਨਾਂ ਕੋਲੋਂ ਬਣਵਾਉਣਾ ਚਾਹੁੰਦੀ ਸਾਂ ਉਹਨਾਂ ਨੇ ਇੱਕ ਮਾਸਟਰ-ਪੀਸ ਸਿਰਜ ਦਿਤਾ। ਸਤਿਗੁਰੂ ਜੀ ਦੀ ਉਹਨਾਂ ਦੇ ਕਲਾਕਾਰ ਤੇ ਖਾਸ ਬਖਸ਼ਿਸ਼ ਹੈ ਤੇ ਮੇਰੀ ਅਰਦਾਸ ਹੈ ਕਿ ਉਹ ਬਖਸ਼ਿਸ਼ ਸਦਾ ਸਦਾ ਬਣੀ ਰਹੇ।

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਹਰ ਕੀਰਤਨੀਆਂ ਇਸੇ ਤਰ੍ਹਾ ਅਪਣੇ ਅੰਦਰੋਂ ਸਤਿਗੁਰੂ ਨਾਲ ਜੁੜ ਕੇ ਕੀਰਤਨ ਕਰੇ।

*35/1 ਬੀ. ਮਾਡਲ ਗਰਾਮ, ਲੁਧਿਆਣਾ

# ਰੰਗਾਂ ਦੀ ਕਾਵਿਤਰੀ ਬਬਲੀ ਐਸ. ਸਿੰਘ

ਡਾ. ਹਰਿਪ੍ਰੀਤ ਕੌਰ ਖਾਲਸਾ*

ਲੁਧਿਆਣੇ ਦੀ ਸਰਵ-ਸਮਰਪਿਤ ਚਿਤ੍ਰਕਾਰ ਐਸ. ਬਬਲੀ ਸਿੰਘ ਨੂੰ ਉਘੇ ਚਿਤ੍ਰਕਾਰ ਸ਼ਾਇਰ ਅਤੇ ਗ਼ਜ਼ਲਗੋ ਅਜਾਇਬ ਚਿਤਰਕਾਰ ਨੇ ਲੁਧਿਆਣੇ ਦੀ ਲੋਹ ਨਗਰੀ ਵਿੱਚ ਉੱਗਿਆ ਇੱਕ ਖ਼ੂਬਸੂਰਤ ਚਮਤਕਾਰੀ ਫੁੱਲ ਕਿਹਾ ਹੈ। ਬਬਲੀ ਲੁਧਿਆਣੇ ਦੀ ਸਭ ਤੋਂ ਵੱਧ ਚਰਚਿਤ ਨਾਰੀ ਚਿਤਰਕਾਰ ਪੰਜਾਬ ਕੌਂਸਲ ਚੰਡੀਗੜ੍ਹ ਦੀ ਮੈਂਬਰ ਅਤੇ ਪੰਜਾਬ ਲਲਿਤ ਕਲਾ ਮੋਬਾਇਲ ਪ੍ਰਦਰਸ਼ਨੀ ਅਤੇ ਪੰਜਾਬ ਕਲਚਰਲ ਅਫ਼ੇਅਰ ਅਕਾਡਮੀ ਦੀ ਲੁਧਿਆਣਾ ਲਈ ਕੋਆਡੀਨੇਟਰ ਹੈ। ਉਸ ਦੀਆਂ ਕਲਾ-ਕ੍ਰਿਤੀਆਂ ਚੰਦ ਚਕੋਰ, ਬਨੇਰਾ ਨੇ ਕਲਾ-ਪ੍ਰੇਮੀਆਂ ਅਤੇ ਵਿਸ਼ੇਸ਼ਗਾਂ ਦਾ ਵਿਸ਼ੇਸ਼ ਧਿਆਨ ਖਿੱਚਿਆ ਹੈ। ਉਹ ਇੱਕ ਜਮਾਂਦਰੂ ਕਲਾਕਾਰ ਤੇ ਇਕ ਸੰਵੇਦਨਸ਼ੀਲ ਕਾਵਿਤਰੀ ਦਾ ਸੁਮੇਲ ਹੈ। ਉਸਨੇ ਕਿਤੋਂ ਵੀ ਵਿਧਵਿਤ ਸਿੱਖਿਆ ਪ੍ਰਾਪਤ ਨਹੀਂ ਕੀਤੀ, ਉਹ ਕੁਦਰਤ ਦੀ ਬਹੁ ਭਾਂਤੀ ਦ੍ਰਿਸ਼ਟੀ ਦੱਤ ਆਕਾਰੀ ਤੇ ਰੰਗੀਨ ਖ਼ੂਬਸੂਰਤੀ ਨੂੰ ਚਿਤਰਦੀ ਅਤੇ ਜੀਵਨ ਦੇ ਯਥਾਰਥ ਨੂੰ ਰੰਗਾਂ ਤੇ ਲਕੀਰਾਂ ਰਾਹੀਂ ਆਪਣੇ ਅੰਦਾਜ਼ ਵਿੱਚ ਵਿਅਕਤ ਕਰਦੀ ਹੈ। ਉਹ ਸੋਭਾ ਸਿੰਘ ਤੇ ਡੱਚ ਚਿਤਰਕਾਰ ਵਾਨਗਾਗ ਅਤੇ ਵਿਸ਼ਾਲ ਪ੍ਰਕ੍ਰਿਤੀ ਦੀ ਦ੍ਰਿਸ਼ਟੀਗੋਚਰ ਹੋਈ ਖ਼ੂਬਸੂਰਤੀ ਤੋਂ ਪ੍ਰਭਾਵਿਤ ਹੈ। ਉਹ ਮੁੱਖ ਰੂਪ ਵਿੱਚ ਪ੍ਰਾਕ੍ਰਿਤੀ ਦੀ ਚਿਤਰਕਾਰ ਹੈ। ਪ੍ਰਭਾਵਾਂ ਦੇ ਬਾਵਜੂਦ ਵੀ ਉਹ ਮੌਲਿਕ ਚਿਤਰਕਾਰ ਹੈ। ਉਹ 20 ਤੋਂ ਵੱਧ ਪ੍ਰਦਰਸ਼ਨੀਆਂ ਵਿੱਚ ਭਾਗ ਲੈ ਚੁੱਕੀ ਹੈ। 5 ਵੰਨਮੈਨ ਸ਼ੋ ਕਰ ਚੁੱਕੀ ਹੈ। ਕਲਾ ਦੇ ਵਿਸ਼ੇਸ਼ਗਾਂ ਨੇ ਉਸਦੀ ਸ਼ੈਲੀ ਨੂੰ ਮੌਲਿਕ ਮੰਨਿਆ ਹੈ। ਉਹ ਅਕਸਰ ਕਲਾ ਦੀ ਅਤੇ ਭਾਸ਼ਾ ਦੀ ਗੱਲ ਕਰਦੀ ਹੈ। ਜਿਸ ਨੂੰ ਸੰਵੇਦਨਸ਼ੀਲ ਵਿਅਕਤੀ ਸਮਝ ਸਕਦੇ ਹਨ। ਉੱਤਰ ਭਾਰਤੀ ਤੇ ਪੰਜਾਬੀ ਪ੍ਰੈਸ ਵਿੱਚ ਬਬਲੀ ਸਿੰਘ ਦੀ ਚਿਤਰਕਾਰੀ ਕੁਲਵਕਤੀ ਅਤੇ ਪ੍ਰਤੀਬੱਧ ਚਿਤਰਕਾਰ ਬਣਾ ਦਿੱਤਾ। ਦੀ ਖ਼ੂਬ ਚਰਚਾ ਹੋਈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਇੱਕ ਵਾਰ ਆਪਣੇ ਚੋਣਵੇਂ ਚਿਤਰਾਂ ਦੀ ਪ੍ਰਦਰਸ਼ਨੀ ਲਗਾਈ। ਜਦੋਂ ਪ੍ਰਬੰਧਕਾਂ ਨੇ ਉਸਦੇ ਸਾਰੇ ਹੀ ਚਿਤਰ ਖਰੀਦ ਲਏ ਤਾਂ ਉਹ ਭੁੱਬਾਂ ਮਾਰ ਕੇ ਰੋਣ ਲਗ ਪਈ। ਜਿਵੇਂ ਮਾਵਾਂ-ਧੀਆਂ ਨੂੰ ਵਿਦਾ ਕਰਨ ਸਮੇਂ ਰੋਂਦੀਆਂ ਹਨ। ਅਸਲ ਵਿੱਚ ਵਿਆਹ ਤੋਂ ਮੁਨਕਰ ਹੋਈ ਬਬਲੀ ਸਿੰਘ ਦੇ ਚਿਤਰ ਹੀ ਉਸਦੀ ਸੰਤਾਨ ਹਨ।



ਉਸ ਨੇ ਆਪਣੇ ਵਿਅਕਤੀਤਵ, ਆਪਣੀਆਂ ਖੁਸ਼ੀਆਂ, ਸੰਵੇਦਨਾਵਾਂ, ਆਪਣੀਆਂ ਮਾਯੂਸੀਆਂ ਅਤੇ ਵੇਖੇ ਹੋਏ ਮਨ ਪਸੰਦ ਦ੍ਰਿਸ਼ਾ ਨੂੰ ਚਿਤਰਾਂ ਦਾ ਰੂਪ ਦਿੱਤਾ ਹੈ। ਹੁਣ ਤੱਕ ਉਹ 100 ਦੇ ਕਰੀਬ ਚਿਤਰ ਬਣਾ ਚੁੱਕੀ ਹੈ। ਜਿੱਥੇ ਉਹ ਖ਼ੂਬਸੂਰਤੀ ਨੂੰ ਚਿਤਰਦੀ ਹੈ, ਉਥੇ ਉਹ ਚਿਤਰਕਾਰ ਦਾ ਫਰਜ਼ ਸਮਝਦੀ ਹੈ ਕਿ ਉਹ ਬਦਸੂਰਤੀ ਨੂੰ ਵੀ ਚਿਤਰਨ, ਕਿਉਂਕਿ ਬਦਸੂਰਤੀ ਵੀ ਕੁਦਰਤ ਦੀ ਸਿਰਜਣਾ ਹੈ, ਉਸਦੇ ਚਿਤਰ 2 ਤੋਂ 5 ਹਜ਼ਾਰ ਦੇ ਵਿੱਚ ਵਿਕ ਜਾਂਦੇ ਹਨ। ਵਿਆਹ ਬਾਰੇ ਸਾਡੀ ਇਸ ਪ੍ਰਸਿੱਧ ਲੁਧਿਆਣਵੀ ਚਿਤ੍ਰਕਾਰ ਦਾ ਵਿਚਾਰ ਹੈ ਕਿ "ਵਿਆਹ ਨੂੰ ਮੈਂ ਇੱਕ ਜੂਆ ਮੰਨਦੀ ਹਾਂ ਜਾਂ ਤੁਹਾਡੀ ਜ਼ਿੰਦਗੀ ਬਣ ਗਈ ਜਾਂ ਫਿਰ ਜ਼ਿੰਦਗੀ 'ਚੋਂ ਜ਼ਿੰਦਗੀ ਮਨਫ਼ੀ ਹੋ ਗਈ" ਤੇ ਉਸਨੇ ਜ਼ਿੰਦਗੀ 'ਚੋ ਜ਼ਿੰਦਗੀ ਮਨਫ਼ੀ ਕਰਨ ਦਾ ਖ਼ਤਰਾ ਮੁੱਲ ਨਹੀਂ ਲਿਆ। ਉਸਨੇ ਆਪਣੇ ਆਪ ਨੂੰ ਚਿਤਰਾਂ ਦੀ ਦੁਨੀਆਂ ਵਿੱਚ ਮਸਰੂਫ਼ ਕਰ ਲਿਆ ਹੈ, ਮਿਸ ਬਬਲੀ ਸਿੰਘ ਨਾਰੀ ਦਾ ਮਾਣ ਹੈ। ਚਿਤਰਕਾਰੀ ਤੇ ਕਵਿਤਾ ਦਾ ਸੰਗਮ ਹੈ। ਕਵਿਤਾ ਰਾਹੀਂ ਉਹ ਆਪਣੇ ਦਿਲ ਦੀਆਂ ਸੰਵੇਦਨਾਵਾਂ ਨੂੰ ਪ੍ਰਗਟਾ ਲੈਂਦੀ ਹੈ ਅਤੇ ਰੰਗਾਂ ਰਾਹੀਂ ਉਹ ਦ੍ਰਿਸ਼ਟੀਗਤ ਖ਼ੂਬਸੂਰਤੀ ਨੂੰ ਪੁਨਰ ਸਾਕਾਰ ਕਰ ਲੈਂਦੀ ਹੈ। ਉਂਝ ਉਸ ਦੀ ਕਵਿਤਾ ਵਿਚੋਂ ਇਕੱਲਤਾ ਦੀ ਸੰਵੇਦਨਾ ਦੀਆਂ ਟੱਸਕਾਂ ਸੁਣਾਈ ਦਿੰਦੀਆਂ ਹਨ। ਜਿੱਥੇ ਉਹ ਜ਼ਿੰਦਗੀ ਦੀ ਖ਼ੂਬਸੂਰਤੀ ਦੀ ਪੇਸ਼ਕਾਰ ਹੈ ਉਥੇ ਉਹ ਜ਼ਿੰਦਗੀ ਦੀ ਪੱਤਝੜ ਦੀ ਵੀ ਪੇਸ਼ਕਾਰ ਹੈ। ਉਸ ਵਿੱਚ ਲੋੜ੍ਹੇ ਦੀ ਮਾਨਵੀ ਅਪੱਣਤ ਹੈ ਅਤੇ ਸਚਮੁੱਚ ਹੀ ਉਹ ਰੰਗਾਂ ਤੇ ਸ਼ਬਦਾਂ ਵਿੱਚ ਖ਼ੂਬਸੂਰਤੀ ਅਤੇ ਸੰਵੇਦਨਾ ਨੂੰ ਪ੍ਰਗਟਾਉਣ ਦੀ ਸਮਰਥਾ ਰੱਖਦੀ ਹੈ। ਗਿਣਤੀ ਪੱਖੋਂ ਉਹ ਲੁਧਿਆਣੇ ਦੀ ਸ਼੍ਰੋਮਣੀ ਚਿਤਰਕਾਰ ਨਾਰੀ ਪ੍ਰਤਿਭਾ ਹੈ।

* ਕ੍ਰਿਸ਼ਨਾ ਨਗਰ, ਸਿਵਲ ਲਾਈਨਜ਼, ਲੁਧਿਆਣਾ ਫੋਨ 0161-407273

# KEY TO GURU GRANTH SAHIB : VARS IN ENGLISH

JUPINDERJIT SINGH

Hailed as the key to the Guru Granth Sahib : *varan*, a poetic form of the philosophy of the first six Sikh Grurs, is now available in English. Written originally in the early seventeenth century by Bhai Gurdas in Punjabi and Brij Bhasha, it has been translated into the English language by Dr Jodh Singh, Professor in the Department of Religious Studies, Punjabi University, here.

Efforts were earlier made by various scholars to translate some pauris (stanzas) of the text but this is the first time that all 40 *vars* comprising 950 stanzas have been translated. The significance of Bhai Gurdas's work lies in the fact that it explains the meanings of a number of key words like sangat, hukam, haumai, manmukh, gurmukh etc used extensively by the Sikh gurus to expound their philosophy in the Guru Granth Sahib, the holy book of the Sikhs.

Besides, the *vars* also explain some prominent shabads (hymns) in the holy book. They even touch upon the lifestyles of four Sikh gurus-Guru Amar Das. Guru Ram das, Guru Arjun Dev, and the sixth Guru Hargobind.

The *vars* also give guidelines on how a true Sikh should lead his life.

The Guru Granth Sahib has already been translated thrice. First, by Mr. Gopal Singh in 1962, then by Mr Manmohan Singh and lastly by Mr. G.S. Talib.

The book, presently under publication, begins with a 30-page writeup by Dr Jodh Singh highlighting the fact that Bhai Gurdas who is already called a missionary and a preacher was philosopher also.

Born in 1549, Bhai Gurdas lived with the four Gurus and used to write their dictations until his death in 1637. Interestingly it was during this period that Shakespeare and Lord Bacon were creating their literary works in England.

According to Dr. Jodh Singh, the vars by Bhai Gurdas present the picture of the status of woman prevailing in this part of the world. One shabad in the Guru Granth Sahib describes a woman as the man's chief helper upto the day of the final liberation. She is the only force that makes a man virtous and is the main impetus for leading a virtuous life.

At that time Shakespeare, in his drama Hamlet, had written "Fraility thy name is woman "and Lord Bacon in one of his famous essays, "Of marriage and Single Life" had written that woman and children are the main impediments in the way of the good and the bad enterprises.

Dr Jodh Singh worked as a time-keeper in the Indian Railways at Varanasi but left the Rs 1,000 job for a meagre Rs. 400 scholarship to complete his Ph.D. under Prof G.S. Tallib at Banaras Hindu University.

He was born in 1942 at Sangatpura village in Gurdaspur District and travelled from place to place with his father who was employed with the Railways. He studied up to class VIII at Ajmer in Rajasthan, did his high school from Lucknow, and graduation from Punjab University Chandigarh.

He was then posted at Varanasi as time keeper but soon shifted to the translation department as he had master's degrees both in English and Hindi. However, he had immense interest in Sikh literature, especially the religious writings and the works of the Gurus. After completing his doctorate Dr Jodh Singh joined as a lecturer with Banaras Hindu University and then subsequently came to the Punjabi

Unversity as Reader.

Dr. Jodh Singh has also translated into Hindi four volumes of the 'Dasam Granth' written by Guru Gobind Singh. To his credit are a number of books, like " Sikh Siddhant, Saroop and Samaratha", and "Sikh Bhagti Saroop and Aadhar"".

He has also translated a book containing, Aurobindo's sayings called "Aurobindo Jyoti" from English to Punjabi, besides writing a number of research papers, articles for newspaper and magazines.

Dr. Jodh Singh says that the project took two years to complete and now he is planning to work on his dream project that will endeavour to prove that Sikhsim is the only original religion of this country.

(Coutesy - The Tribune)

---

ੴ ਵਾਹਿਗੁਰੂ ਜੀ ਕੀ ਫਤਹਿ॥
ਸੇਵਾ ਕਰਤ ਹੋਇ ਨਿਹਕਾਮੀ, ਤਿਸ ਕਉ ਹੋਤ ਪਰਾਪਤਿ ਸੁਆਮੀ॥

## Nishkam Sikh Welfare Council (Regd.)

ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ:)

Project Office : B-Block, Tilak Vihar, New Delhi-110018 Ph: 5412601, 5101848
Registered Office : BF -33, Tagore Garden, New Delhi- 110027 (India) Ph.: 539020, 5155848

ਡਾ: ਜਤਿੰਦਰ ਸਿੰਘ ਨਾਨਰਾ
ਸੇਵਾਦਾਰ (ਪ੍ਰਧਾਨ)

ਸਤਿਕਾਰ ਯੋਗ ਵੀਰ ਜੀਓ / ਭੈਣ ਜੀਓ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਇਸ ਚਿਠੀ ਰਾਹੀ ਅਸੀਂ ਆਪ ਜੀ ਦਾ ਧਿਆਨ ਹੇਠ ਲਿਖੇ ਮੈਡੀਕਲ ਕੇਸਾਂ ਵਲ ਦਿਲਾਣਾ ਚਾਹੁੰਦੇ ਹਾਂ ਜੀ:-

1) 28 ਸਾਲਾਂ ਦੇ ਹਰਪਾਲ ਸਿੰਘ ( ਜੋ ਕਿ ਇਕ ਵਿਧਵਾ ਦਾ ਲੜਕਾ ਹੈ ਤੇ ਦੋ ਛੋਟੀਆਂ ਜਿਹੀਆਂ ਬੱਚੀਆਂ ਦਾ ਪਿਤਾ ਹੈ) ਜਿਸਦੇ ਦੋਨੋਂ ਗੁਰਦੇ ਖਰਾਬ ਹੋਣ ਕਰਕੇ ਗੁਰਦਾ ਬਦਲਣਾ ਇਕ ਦਮ ਜ਼ਰੂਰੀ ਹੈ।

2) 20 ਸਾਲਾਂ ਦੀ ਰਵਿੰਦਰ ਕੌਰ (ਜੋ ਕਿ ਨਵੰਬਰ 1984 ਵਿਚ ਹੋਈ ਵਿਧਵਾ ਭੈਣ ਦੀ ਬੱਚੀ ਹੈ) ਦੇ ਦਿਲ ਦੇ ਬੰਦ ਵਾਲਵ ਨੂੰ ਖੋਲਣ ਲਈ ਆਪ੍ਰੇਸ਼ਨ ਜ਼ਰੂਰੀ ਹੈ।

2. ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਹਰਪਾਲ ਸਿੰਘ ਤੇ ਰਵਿੰਦਰ ਕੌਰ ਦੀ ਜਾਨ ਬਚਾਣ ਲਈ ਆਪਣੇ ਦਸਵੰਧ ਵਿਚੋਂ, ਧਰਮ ਕਾਰਜਾਂ ਲਈ ਕਢੀ ਮਾਇਆ ਵਿਚੋਂ ਵਧ ਤੋਂ ਵਧ ਸਹਾਇਤਾ ਆਪ ਤਾਂ ਭੇਜੋ ਹੀ, ਪਰ ਆਪਣੇ ਮਿਤਰਾਂ ਤੇ ਸੰਬੰਧੀਆਂ ਨੂੰ ਵੀ ਬੇਨਤੀ ਕਰੋ ਜੀ। ਸਹਾਇਤਾ ਚੈਕ/ ਡਰਾਫਟ ਰਾਹੀਂ Nishkam Sikh Welfare Council (Regd.) Medical A/C ਦੇ ਨਾਂ ਤੇ ਤਿਲਕ ਵਿਹਾਰ ਦੇ ਪਤੇ ਤੇ ਭੇਜ ਕੇ ਕ੍ਰਿਤਾਰਥ ਕਰੋ ਜੀ।

ਧੰਨਵਾਦ ਅਤੇ ਆਦਰ ਸਹਿਤ

ਆਪ ਦਾ ਵੀਰ
(ਡਾ. ਜਤਿੰਦਰ ਸਿੰਘ ਨਾਨਰਾ)

# ਰਾਗੀ ਜੱਥਾ ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ

ਕੁਲਦੀਪ ਸਿੰਘ ਹਉਰਾ *

"ਗੁਰਮਤਿ ਵਿੱਚ ਰਾਗ ਸਹਿਤ, ਕਰਤਾਰ ਦੇ ਗੁਣ ਗਾਉਣ ਦਾ ਨਾਂ ਕੀਰਤਨ ਹੈ"।(ਮਹਾਨ ਕੋਸ਼-ਪੰਨਾ 332) ਸਤਿਗੁਰੂ ਜੀ ਵਲੋਂ, ਕੀਰਤਨ ਕਰਨ ਵਾਲਿਆਂ ਨੂੰ "ਨਿਰਬਾਣ ਕੀਰਤਨ" ਕਰਨ ਦੀ ਪ੍ਰੇਰਨਾ ਹੈ। ਯਥਾ-

"ਨਿਰਬਾਣ ਕੀਰਤਨ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੁਟੈ।" (ਪੰਨਾ 787)

ਨਿਰਬਾਣ ਕੀਰਤਨ ਕਰਨ ਵਾਲਾ ਇੱਕ ਜੱਥਾ ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ ਦਾ ਹੋਇਆ ਹੈ। ਇਸ ਜੱਥੇ ਵਿਚ ਚਾਰ ਸਾਥੀ ਹੋਇਆ ਕਰਦੇ ਸਨ। ਭਾਈ ਸੁੱਧ ਸਿੰਘ ਭਾਈ ਪ੍ਰਧਾਨ ਹਾਰਮੋਨੀਅਮ ਵਜਾਂਦੇ, ਭਾਈ ਮੱਖਣ ਸਿੰਘ ਦਿਲਰੁਬਾ ਤੇ ਭਾਈ ਠਾਕਰ ਸਿੰਘ ਤੱਬਲੇ ਉਤੇ ਉਹਨਾਂ ਦੀ ਸੰਗਤ ਕਰਦੇ ਸਨ।

ਇਹ ਜੱਥਾ ਕੇਵਲ ਕੀਰਤਨ ਹੀ ਨਹੀਂ ਸੀ ਕਰਦਾ, ਸਗੋਂ ਕੀਰਤਨ ਰਾਹੀਂ ਗੁਰਮਤਿ ਤੇ ਸਿੱਖੀ ਦਾ ਪ੍ਰਚਾਰ ਵੀ ਕਰਦਾ ਸੀ। ਇਸ ਜੱਥੇ ਨੇ ਨਿਰੰਤਰ 70 ਸਾਲ ਭਾਰਤ ਤੇ ਭਾਰਤ ਤੋਂ ਬਾਹਰ ਜਾ ਕੇ ਕੀਰਤਨ ਤੇ ਵਿਆਖਿਆ ਦੁਆਰਾ ਸੇਵਾ ਕੀਤੀ। ਭਾਈ ਸੁੱਧ ਸਿੰਘ ਤੇ ਭਾਈ ਪ੍ਰਧਾਨ ਸਿੰਘ ਸੱਕੇ ਚਾਚਾ-ਭਤੀਜਾ ਸਨ, ਜਿਸ ਤਰ੍ਹਾਂ ਭਾਈ ਭਾਗ ਸਿੰਘ ਤੇ ਭਾਈ ਹੀਰਾ ਸਿੰਘ ਨੇ ਜੱਬੀ ਪਿੰਡ ਦੇ ਉਦਾਸੀ ਡੇਰੇ ਤੋਂ ਕੀਰਤਨ ਦੀ ਸਿਖਲਾਈ ਲਈ ਤੇ ਖਾਲਸਾ ਉਪਦੇਸ਼ਕ ਕਾਲਜ, ਗੁਜੱਰਾਂਵਾਲਾ ਵਿੱਚ ਬੱਚਿਆ ਨੂੰ ਕੀਰਤਨ ਦੀ ਸਿਖਿਆ ਦੇਣ ਵਾਲੇ ਅਧਿਆਪਕ ਲੱਗ ਗਏ। ਕੁਝ ਸਮਾਂ ਉਥੇ ਕੰਮ ਕਰਕੇ, ਉਸ ਆਸ਼ਰਮ ਲਈ ਉਗਰਾਹੀ ਕਰਨ ਵਾਸਤੇ ਆਪ ਸ਼ੰਘਾਈ (ਚੀਨ) ਚਲੇ ਗਏ।

ਭਾਈ ਪ੍ਰਧਾਨ ਸਿੰਘ ਜੀ ਦਾ ਗਲਾ ਬੜਾ ਸੁਰੀਲਾ, ਆਵਾਜ਼ ਮਿੱਠੀ ਤੇ ਦਿਲਖਿਚਵੀਂ ਸੀ। ਆਪ ਨੇ ਕਲਾਸੀਕਲ ਸੰਗੀਤ ਦੀ ਸ਼ਿਖਿਆ ਲਈ ਪੁਰਾਤਨ-ਗੀਤਾਂ ਸਿੱਖੀਆਂ। ਜਦੋਂ ਭਾਈ ਸੁੱਧ ਸਿੰਘ ਜੀ ਸ਼ੰਘਾਈ ਤੋਂ ਵਾਪਸ ਆਏ, ਉਸ ਵੇਲੇ ਭਾਈ ਪ੍ਰਧਾਨ ਸਿੰਘ ਦੀ ਆਯੂ 15 ਸਾਲਾਂ ਦੀ ਸੀ। ਉਸ ਸਮੇਂ ਚਾਚੇ-ਭਤੀਜੇ ਨੇ ਆਪਣਾ ਕੀਰਤਨੀ-ਜੱਥਾ ਬਣਾ ਲਿਆ। ਭਾਈ ਸੁੱਧ ਸਿੰਘ ਜੀ ਕਥਾ-ਵਿਆਖਿਆ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਰਦੇ ਤੇ ਭਾਈ ਪ੍ਰਧਾਨ ਸਿੰਘ ਸੁਰੀਲੇ ਗਲੇ ਨਾਲ ਗੁਰਬਾਣੀ ਦਾ ਅਲਾਪ ਕਰਦੇ। ਦੋਹਾਂ ਦੇ ਸੁਮੇਲ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਤੇ ਜੱਥੇ ਦਾ ਨਾਮ ਸਾਰੇ ਪੰਥ ਵਿੱਚ ਪ੍ਰਸਿੱਧ ਹੋ ਗਿਆ।

ਇਸ ਜੱਥੇ ਦੀ ਨੇੜਤਾ ਭਾਈ ਵੀਰ ਸਿੰਘ ਜੀ, ਸੰਤ ਅਤਰ ਸਿੰਘ ਜੀ ਮਸਤੂਆਣਾ ਨਾਲ ਹੋ ਜਾਣ ਕਰਕੇ, ਜੱਥੇ ਦੇ ਪ੍ਰੇਮੀਆਂ ਉਤੇ ਗੂੜ੍ਹਾ ਰੰਗ ਚੜ੍ਹਿਆ। ਚੀਫ ਖਾਲਸਾ ਦੀਵਾਨ ਨਾਲ, ਇਸ ਜੱਥੇ ਦਾ ਸਬੰਧ ਜੁੜ ਜਾਣ ਕਰਕੇ , ਇਹ ਜੱਥਾ ਦਿਨ ਰਾਤ ਸਿੱਖ ਐਜੂਕੇਸ਼ਨਲ ਕਾਨਫ੍ਰੰਸਾਂ ਦੀ ਸਫਲਤਾ ਲਈ ਜੁੱਟਿਆ ਰਹਿੰਦਾ। ਜੱਥੇ ਦੇ ਕੀਰਤਨ ਤੇ ਵਿਆਖਿਆ ਦਾ ਅਸਰ ਇਹ ਹੋਇਆ ਕਿ ਇਹ ਜੱਥਾ ਜਿੱਥੇ ਵੀ ਜਾਂਦਾ, ਗੁਰਬਾਣੀ-ਜੱਸ ਗਾਇਣ ਕਰਕੇ ਸੰਗਤਾਂ ਨੂੰ ਨਿਹਾਲ ਕਰਦਾ ਤੇ ਨਾਲ-ਨਾਲ ਸਿੱਖ-ਰਹਿਤ ਮਰਯਾਦਾ ਚ ਪ੍ਰੱਪਕ ਹੋਣ ਦੀ ਪ੍ਰੇਰਨਾ ਵੀ ਦਿੰਦਾ। ਆਪਣੇ ਪ੍ਰਚਾਰ ਦੁਆਰਾ, ਅੰਮ੍ਰਿਤ ਛਕਣ ਲਈ ਸੰਗਤਾ ਨੂੰ ਤਿਆਰ ਕਰਦਾ ਤੇ ਕੋਈ ਦਿਨ ਨਿਯਤ ਕਰਕੇ ਵਿਸ਼ਾਲ-ਪੱਧਰ ਤੇ ਅੰਮ੍ਰਿਤ-ਸੰਚਾਰ ਵੀ ਕਰਦਾ। ਇਸ ਤੋਂ ਛੁੱਟ ਅਨੇਕਾਂ ਕੁਰਾਹੇ ਪਏ ਵਿਅਕਤੀਆਂ ਨੂੰ ਗੁਰੂ ਦੇ ਲੜ ਲਾਂਦਾ। ਸਿੰਧ ਪ੍ਰਾਂਤ ਵਿੱਚ ਇਸ ਜੱਥੇ ਨੇ ਅਨੇਕਾਂ ਸਹਿਜਧਾਰੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ। ਗੁਰਮਤਿ ਪ੍ਰਚਾਰ ਦੀ ਵੀ ਬੜੀ ਲਗਨ ਸੀ। ਜੱਥਾ ਸਮਝਦਾ ਸੀ ਕਿ ਜਦੋਂ ਤੱਕ ਕੌਮ ਵਿਦਿਆ ਦੇ ਖੇਤਰ ਵਿੱਚ ਪਛੜੀ ਰਹੇਗੀ, ਤੱਦ ਤੱਕ ਕੌਮ ਦਾ ਸਰਬ-ਪੱਖੀ ਵਿਕਾਸ ਹੋ ਸਕਣਾ ਸੰਭਵ ਨਹੀਂ। ਇਸ ਲਈ ਇਹ ਜੱਥਾ "ਵਿਦਿਆ-ਵਿਚਾਰੀ ਤਾਂ ਪਰਉਪਕਾਰੀ" ਦੇ ਕਥਨ ਨੂੰ ਸਾਰਥਕ ਕਰਨ ਲਈ ਖਾਲਸਾ ਸਕੂਲਾਂ ਦੇ ਖੋਲ੍ਹਣ ਲਈ ਵੀ ਉੱਦਮ ਕਰਦਾ ਰਹਿੰਦਾ। ਭਾਈ ਹੀਰਾ ਸਿੰਘ ਰਾਗੀ ਫ੍ਰੂਕਾ ਵਿੱਚ ਪਹਿਲਾਂ ਹੀ ਖਾਲਸਾ ਸਕੂਲ ਖੋਲ੍ਹ ਚੁਕੇ ਸਨ। ਇਸ ਜੱਥੇ ਨੇ ਸਰਗੋਧਾ ਸ਼ਾਹਪੁਰ ਤੇ ਮਿੱਠਾ-ਟਿਵਾਣਾ ਵਿੱਚ ਹਾਈ ਸਕੂਲ ਖੋਲ੍ਹਣ ਦਾ ਉੱਦਮ ਕੀਤਾ। ਇਸ ਜੱਥੇ ਨੇ ਆਪਣੇ ਯਤਨਾਂ ਨਾਲ ਸਰਗੋਧੇ ਵਿਚ ਖਾਲਸਾ ਕਾਲਜ ਦੀ ਨੀਂਹ ਰੱਖ ਦਿੱਤੀ ਤੇ ਇਮਾਰਤ ਬਣਨੀ ਸ਼ੁਰੂ ਹੋ ਗਈ।

ਖਾਲਸਾ ਸਕੂਲ ਸਰਗੋਧਾ ਬਾਰੇ ਇਕ ਵਚਿੱਤਰ-ਘਟਨਾ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ। ਭਾਈ ਸੁੱਧ ਸਿੰਘ ਜੀ ਨੇ ਸਕੂਲ ਦੀ ਇਮਾਰਤ ਜਲਦੀ ਤਿਆਰ ਕਰਾਉਣ ਲਈ, ਆਪਣੇ ਸੀਮਤ ਸਾਧਨਾਂ ਦੀ ਪ੍ਰਵਾਹ ਨਾ ਕਰਦਿਆ ਹੋਇਆਂ, ਇਕ ਵਪਾਰੀ ਪਾਸੋਂ ਕੁਝ ਕਰਜ਼ਾ ਵੀ ਲੈ ਰੱਖਿਆ ਸੀ। ਉਸ ਨੇ ਭਾਈ ਸਾਹਿਬ ਦੇ ਘਰ ਆ ਕੇ ਕੁਝ ਅਬਾ-ਤਬਾ ਵੀ ਬੋਲਿਆ। ਭਾਈ ਸਾਹਿਬ ਨੇ ਇਹ ਕਰਜ਼ਾ ਆਪਣੀ ਜ਼ਾਤ ਜਾਂ ਆਪਣੇ ਪ੍ਰਵਾਰ ਲਈ ਤਾਂ ਲਿਆ ਨਹੀਂ ਸੀ। ਉਨ੍ਹਾਂ ਦੇ ਹਿਰਦੇ ਵਿੱਚ ਤਾਂ ਇਹ ਚਾਅ ਸੀ ਕਿ ਸਕੂਲ ਛੇਤੀ ਬਣੇ ਤੇ ਕੌਮ ਦੇ ਬੱਚੇ ਇਸ ਤੋਂ ਲਾਭ ਪ੍ਰਾਪਤ ਕਰ ਸਕਣ। ਉਹਨਾਂ ਨੂੰ ਵਿਦਿਆ ਪ੍ਰਾਪਤੀ ਲਈ ਘਰੋਂ ਬਾਹਰ ਨਾ ਜਾਣਾ ਪਵੇ।

ਉਸ ਵਪਾਰੀ ਨੇ ਆਪਣੀ ਰਕਮ ਦੀ ਵਸੂਲੀ ਲਈ ਭਾਈ ਸੁੱਧ ਸਿੰਘ ਜੀ ਨੂੰ ਇਤਨਾ ਜਿਚ ਕਰ ਦਿੱਤਾ ਕਿ ਉਨ੍ਹਾਂ ਨੂੰ ਆਪਣਾ ਦੋ-ਮੰਜਲਾ ਮਕਾਨ ਗਿਰਵੀ ਰੱਖ ਕੇ ਉਸ ਵਪਾਰੀ ਦਾ ਕਰਜ਼ਾ ਲਾਹੁਣਾ ਪਿਆ। ਇਹ ਬਹੁਤ ਵੱਡੀ ਕੁਰਬਾਨੀ ਸੀ, ਜੋ ਭਾਈ ਸਾਹਿਬ ਨੇ ਕੌਮ ਦੀ ਪਨੀਰੀ ਖਾਤਰ ਕੀਤੀ। ਆਪ ਨੇ ਆਪਣੀ ਜਾਇਦਾਦ ਦਾ ਮੋਹ ਨਾ ਕੀਤਾ, ਕੌਮ ਦੀ ਪੁੰਗਰਦੀ-ਜਵਾਨੀ ਲਈ ਵਿਦਿਅਕ-ਖੇਤਰ ਵਿੱਚ ਭਰਪੂਰ ਯੋਗਦਾਨ ਪਾਇਆ।

ਆਪ ਆਪਣੇ ਜੱਥੇ ਸਮੇਤ ਸਕੂਲ ਵਾਸਤੇ ਫੰਡ ਇਕੱਤਰ ਕਰਨ ਲਈ ਬਰ੍ਹਮਾ ਚਲੇ ਗਏ।

ਜਦੋਂ ਭਾਈ ਸੁੱਧ ਸਿੰਘ ਜੀ ਦੇ ਧਰਮ ਭਰਾ ਭਾਈ ਹੀਰਾ ਸਿੰਘ ਜੀ ਰਾਗੀ ਫ੍ਰੂਕਾ ਵਾਲਿਆਂ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਆਪਦੇ ਕੋਮਲ-ਹਿਰਦੇ 'ਤੇ ਸੱਟ ਵਜੀ। ਉਹ ਚੁੱਪ-ਚਪੀਤੇ ਆਪਣੇ ਜੱਥੇ ਸਮੇਤ ਸਰਗੋਧੇ ਆ ਗਏ ਤੇ ਗੁਰਦੁਆਰੇ ਵਿੱਚ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਕੁਝ ਦਿਨਾਂ ਪਿਛੋਂ ਆਪਣੇ ਬੜੀ ਉਦਾਸ ਪਰ ਭਰੋਸੇ-ਭਰੀਸੁਰ ਵਿੱਚ ਸਰਗੋਧੇ ਦੀ ਸੰਗਤ ਨੂੰ ਵੰਗਾਰਿਆ ਤੇ ਕਰੁਣਾਮਈ ਸੁਰ ਵਿੱਚ ਸਰਗੋਧਾ ਨਿਵਾਸੀ ਸਿੱਖਾਂ ਨੂੰ ਦੱਸਿਆ ਕਿ ਭਾਈ ਸੁੱਧ ਸਿੰਘ ਨੇ ਆਪਣਾ ਦੋ-ਮੰਜਲਾ ਮਕਾਨ

165 ਹਾਉਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ

ਗਿਰਵੀ ਰੱਖ ਕੇ, ਸਕੂਲ ਵਾਸਤੇ ਕਰਜ਼ ਲਈ ਰਕਮ ਦਾ ਭੁਗਤਾਨ ਉਸ ਵਾਪਾਰੀ ਨੂੰ ਕੀਤਾ ਹੈ। ਇਹ ਸੁਣਕੇ ਸੰਗਤ ਵਿੱਚ ਸੰਨਾਟਾ ਛਾ ਗਿਆ। ਭਾਈ ਸਾਹਿਬ ਨੇ ਦੁਖੀ ਹੋ ਕੇ ਕਿਹਾ ਕਿ ਮੈਂ ਉਦੋਂ ਤੱਕ ਇਥੋਂ ਨਹੀਂ ਉਠਾਂਗਾ, ਜਦੋਂ ਤੱਕ ਸਿੱਖ-ਸੰਗਤਾਂ ਭਾਈ ਸੁੱਧ ਸਿੰਘ ਦੇ ਮਕਾਨ ਦੀ ਰਜਿਸਟਰੀ ਮੈਨੂੰ ਵਾਪਸ ਲਿਆਕੇ ਨਹੀਂ ਦਿੰਦੀਆਂ। ਸਚਮੁੱਚ ਉਹ ਉਥੋਂ ਤਾਂ ਹੀ ਉਠੇ, ਜਦੋ ਸਰਗੋਧਾ ਦੀ ਸਾਧ ਸੰਗਤ ਨੇ ਲੋੜੀਂਦੀ ਰਕਮ ਸ਼ਾਹੂਕਾਰ ਨੂੰ ਦੇਕੇ ਮਕਾਨ ਦੀ ਰਜਿਸਟਰੀ ਵਾਪਸ ਲਿਆਂਦੀ। ਜੇ ਭਾਈ ਸੁੱਧ ਸਿੰਘ ਸੁੱਧ ਹਿਰਦੇ ਵਾਲੇ ਤੇ ਕੁਰਬਾਨੀ ਦੇ ਮੁੱਜਸਮੇ ਸਨ ਤਾਂ ਭਾਈ ਹੀਰਾ ਸਿੰਘ ਜੀ ਵੀ ਕੌਮ ਦੇ ਹੀਰੇ ਸਨ।

ਭਾਈ ਸੁੱਧ ਸਿੰਘ ਜੀ ਦੀ ਇਸ ਲਾਸਾਨੀ ਕੁਰਬਾਨੀ ਬਾਰੇ ਸੁਣ ਕੇ ਸਰਗੋਧਾ-ਨਿਵਾਸੀਆਂ ਨੇ ਫੈਸਲਾ ਕੀਤਾ ਕਿ ਜਦੋਂ ਭਾਈ ਸੁੱਧ ਸਿੰਘ ਪ੍ਰਧਾਨ ਸਿੰਘ ਜੀ ਦਾ ਰਾਗੀ-ਜਥਾ ਬਰ੍ਹਮਾ ਤੋਂ ਵਾਪਸ ਆਵੇ ਤਾਂ ਉਨ੍ਹਾਂ ਦੀ ਕੀਤੀ ਕੁਰਬਾਨੀ ਦੇ ਸਤਿਕਾਰ ਵਜੋਂ ਉਹਨਾਂ ਨੂੰ ਸਰਗੋਧਾ ਸ਼ਹਿਰ ਵਿੱਚ ਬੜੇ ਆਦਰ-ਮਾਣ-ਸਤਿਕਾਰ ਨਾਲ, ਜਲੂਸ ਦੀ ਸ਼ਕਲ ਵਿੱਚ ਪਰਵੇਸ਼ ਕਰਾਇਆ ਜਾਵੇ। ਪਰ ਬਲਿਹਾਰ ਜਾਈਏ ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ ਦੇ ਰਾਗੀ ਜੱਥੇ ਤੋਂ , ਉਹ ਬਿਨਾਂ ਦੱਸੇ, ਚੁੱਪ-ਚਾਪ ਰਾਤ ਨੂੰ ਆ ਕੇ, ਸਵੇਰੇ ਗੁਰਦੁਆਰਾ ਸਾਹਿਬ ਵਿੱਚ, 'ਆਸਾ ਦੀ ਵਾਰ" ਦਾ ਕੀਰਤਨ ਕਰਨ ਲੱਗ ਪਏ। ਸੰਗਤਾਂ ਅਚੰਭਿਤ ਹੋ ਗਈਆਂ। ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ ਦੇ ਜੱਥੇ ਦੀ ਇਹ ਅਨੋਖੀ-ਅਦਾ ਸੀ ਕਿ ਕੀਰਤਨ ਕਰਨ ਲਈ ਮੋਖ-ਲੈਣ ਦਾ ਕਦੇ ਵੀ ਪਹਿਲੋਂ ਫੈਸਲਾ ਨਹੀਂ ਸਨ ਕਰਦੇ, ਜੋ ਸਹਿਜ-ਸੁਭਾਇ ਸੰਗਤਾਂ ਵਲੋਂ ਭੇਟਾ ਕੀਤੀ ਜਾਂਦੀ, ਖੁਸ਼ੀ-ਖੁਸ਼ੀ ਪ੍ਰਵਾਨ ਕਰਦੇ ਸਨ। ਉਸ ਸਮੇਂ ਦੀਆਂ ਸਿੱਖਾਂ ਵਿਚੋਂ ਉੱਘੀਆਂ ਹਸਤੀਆਂ ਭਾਈ ਵੀਰ ਸਿੰਘ ਜੀ, ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ, ਸਰ ਸੁੰਦਰ ਸਿੰਘ ਮਜੀਠਿਆ, ਮਲਿਕ ਤੇਜਾ ਸਿੰਘ, ਮਲਿਕ ਹਰਦਿੱਤ ਸਿੰਘ, ਸ੍ਰ. ਉਜੱਲ ਸਿੰਘ, ਸਰ ਸੋਭਾ ਸਿੰਘ, ਸ੍ਰ. ਸੁੰਦਰ ਸਿੰਘ ਧੂਪੀਆ, ਪ੍ਰੋ. ਪੂਰਨ ਸਿੰਘ, ਭਾਈ ਅਰਦਮਨ ਸਿੰਘ ਬਾਗੜੀਆ, ਸ੍ਰ. ਅਰਜਨ ਸਿੰਘ ਰਾਏ, ਬਹਾਦਰ ਮੋਹਨ ਸਿੰਘ ਉਬਰਾਏ ਇਸ ਰਾਗੀ ਜੱਥੇ ਦੇ ਬੜੇ ਸ਼ਰਧਾਲੂ ਸਨ। ਇਹਨਾਂ ਦੇ ਪਰਵਾਰਾਂ ਵਿੱਚ ਖੁਸ਼ੀ- ਗਮੀ ਦੇ ਅਵਸਰਾਂ ਤੇ ਇਹ ਜੱਥਾ ਹੀ ਆਦਰ ਨਾਲ ਬੁਲਾਇਆ ਜਾਂਦਾ ਸੀ। ਕਈ ਵਾਰੀ ਐਸੇ ਪਰਵਾਰ ਜਦੋਂ ਗਰਮੀਆਂ ਵਿੱਚ ਪਹਾੜਾਂ 'ਤੇ ਜਾਂਦੇ ਤਾਂ ਇਸ ਜੱਥੇ ਨੂੰ ਵੀ ਨਾਲ ਹੀ ਲੈ ਕੇ ਜਾਂਦੇ ਅਤੇ ਕੁਦਰਤ ਦਾ ਅਨੰਦ ਮਾਣਦਿਆਂ ਹੋਇਆਂ, ਕਾਦਰ ਦਾ ਜੱਸ ਵੀ ਸੁਣਦੇ ਰਹਿੰਦੇ।

ਭਾਈ ਪ੍ਰਧਾਨ ਸਿੰਘ ਜੀ ਨੂੰ ਰਾਗ ਸਬੰਧੀ ਭਰਪੂਰ ਜਾਣਕਾਰੀ ਸੀ। ਆਪ ਨੇ ਕੋਹਾਟ ਦੇ ਇਕ ਵਿਦਵਾਨ ਤੇ ਸੰਗੀਤ ਦੇ ਗੁਣਵਾਨ ਪ੍ਰੇਮੀ ਦੀ ਸੇਵਾ ਵਿੱਚ, ਇਕ ਸਾਲ ਰਹਿ ਕੇ, ਇਹ ਗੁਣ ਗ੍ਰਹਿਣ ਕੀਤਾ ਸੀ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਤਾਰਨ ਸਿੰਘ ਜੀ ਉਚੇਚੇ ਤੌਰ ਤੇ ਦਿੱਲੀ ਭਾਈ ਪ੍ਰਧਾਨ ਸਿੰਘ ਜੀ ਪਾਸ ਗਏ ਤੇ ਉਨ੍ਹਾਂ ਪਾਸੋਂ ਇੱਕ ਘੰਟੇ ਦੀਆਂ ਬੰਦਸ਼ਾਂ ਰੀਕਾਰਡ ਕੀਤੀਆਂ। ਕੁਝ ਸਮੇਂ ਪਿਛੋਂ ਫਿਰ ਦੂਜੀ ਵਾਰੀ, ਉਚੇਚੇ ਤੌਰ ਤੇ ਉਹ ਭਾਈ ਪ੍ਰਧਾਨ ਸਿੰਘ ਜੀ ਪਾਸ ਗਏ ਤੇ ਇੱਕ ਘੰਟੇ ਦੀਆਂ ਹੋਰ ਰੀਤਾਂ ਰੀਕਾਰਡ ਕੀਤੀਆਂ। 1950 ਵਿੱਚ ਐਚ. ਐਮ. ਵੀ. ਵਾਲਿਆਂ ਨੇ ਭਾਈ ਪ੍ਰਧਾਨ ਸਿੰਘ ਤੇ ਉਨ੍ਹਾਂ ਦੇ ਪੁੱਤਰ ਹਰਭਜਨ ਸਿੰਘ 'ਰਤਨ' ਦੀ ਆਵਾਜ਼ ਵਿੱਚ "ਆਸਾ ਦੀ ਵਾਰ" ਬਾਰਾਂ ਰੀਕਾਰਡਾਂ ਭਾਵ 24 ਪਾਸਿਆਂ ਵਿੱਚ ਭਰੀ ਸੀ। ਉਹ ਰੀਕਾਰਡ ਫੇਰ ਪੰਜਾਬ ਸਿੰਧ ਬੈਂਕ ਦੇ ਕਰਤਾ ਧਰਤਾ ਡਾ: ਇੰਦਰਜੀਤ ਸਿੰਘ ਜੀ ਦੇ ਯਤਨਾਂ ਨਾਲ ਆਡੀਓ-ਟੇਪ ਵਿੱਚ ਤਿਆਰ ਕਰਾਏ ਗਏ।

ਪੰਥ ਦੇ ਮਹਾਨ ਕੀਰਤਨੀਏ ਭਾਈ ਹੀਰਾ ਸਿੰਘ ਜੀ ਫਿਰੂਕੇ ਵਾਲੇ ਭਾਈ ਸੁੱਧ ਸਿੰਘ ਜੀ ਨੂੰ ਆਪਣੇ ਸੱਕੇ-ਭਰਾਵਾਂ ਵਾਂਗ ਮੰਨਦੇ ਸਨ। ਉਹ ਕਿਹਾ ਕਰਦੇ ਸਨ "ਭਾਈ ਸੁੱਧ ਸਿੰਘ ਸਹੀ ਅਰਥਾਂ ਵਿਚ ਸੰਤ ਹੈ।" ਭਾਈ ਹੀਰਾ ਸਿੰਘ ਜੀ ਰਾਗੀ ਪੇਟ ਦੇ ਇਕ ਅਸਾਧ-ਰੋਗ ਨਾਲ ਬੀਮਾਰ ਹੋ ਗਏ। ਭਾਈ ਵੀਰ ਸਿੰਘ ਜੀ ਹਸਪਤਾਲ ਵਿੱਚ ਉਨ੍ਹਾਂ ਦੀ ਬੀਮਾਰ-ਪੁਰਸੀ ਲਈ ਗਏ ਤਾਂ ਉਨ੍ਹਾਂ ਭਾਈ ਹੀਰਾ ਸਿੰਘ ਜੀ ਦੀ ਕੋਈ ਇੱਛਾ ਪੁੱਛੀ, ਤਾਂ ਭਾਈ ਹੀਰਾ ਸਿੰਘ ਜੀ ਨੇ ਕਿਹਾ, 'ਮੇਰੀ ਇੱਛਾ ਹੈ, ਭਾਈ ਸੁੱਧ ਸਿੰਘ ਮੇਰੇ ਅੰਤਲੇ ਸੁਆਸਾਂ ਤੱਕ ਮੇਰੇ ਪਾਸ ਰਹਿਣ।" ਭਾਈ ਵੀਰ ਸਿੰਘ ਜੀ ਨੇ ਜਦੋਂ ਭਾਈ ਹੀਰਾ ਸਿੰਘ ਦੀ ਇੱਛਾ ਭਾਈ ਸੁੱਧ ਸਿੰਘ ਨੂੰ ਦੱਸੀ ਤਾਂ ਉਨ੍ਹਾਂ ਸਭ ਕੰਮ-ਕਾਰ ਛੱਡ ਦਿਤੇ ਅਤੇ ਭਾਈ ਹੀਰਾ ਸਿੰਘ ਪਾਸ ਚਲੇ ਗਏ ਅਤੇ ਉਨ੍ਹਾਂ ਦੀ ਸੇਵਾ-ਸੰਭਾਲ ਕਰਦਿਆਂ ਉਨ੍ਹਾਂ ਨੂੰ ਬਾਣੀ ਸੁਣਾਂਦੇ ਰਹਿੰਦੇ। ਜਦੋਂ ਭਾਈ ਹੀਰਾ ਸਿੰਘ ਜੀ ਨੇ ਅੰਤਲੇ ਸੁਆਸ ਲਏ ਤਾਂ ਉਨ੍ਹਾਂ ਦਾ ਸੀਸ ਭਾਈ ਸੁੱਧ ਸਿੰਘ ਜੀ ਦੀ ਗੋਦ ਵਿੱਚ ਸੀ। ਇਸੇ ਤਰ੍ਹਾਂ ਵੀਰ ਸਿੰਘ ਜੀ ਦੇ ਅੰਤਲੇ ਸਮੇਂ ਵੀ ਭਾਈ ਸੁੱਧ ਸਿੰਘ ਜੀ ਉਨ੍ਹਾਂ ਪਾਸ ਮੌਜੂਦ ਸਨ ਤੇ ਚਿਤਾ ਉਤੇ ਉਨ੍ਹਾਂ ਦੀ ਮ੍ਰਿਤਕ-ਦੇਹ, ਪਲੰਘ ਸਮੇਤ ਰੱਖ ਕੇ ਸਸਕਾਰ ਤੋਂ ਪਹਿਲਾਂ ਦੀ ਅਰਦਾਸ ਵੀ ਭਾਈ ਸੁੱਧ ਸਿੰਘ ਜੀ ਨੇ ਹੀ ਕੀਤੀ ਸੀ।

ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ ਕੇਵਲ ਸ਼੍ਰੋਮਣੀ ਕੀਰਤਨੀਏ ਹੀ ਨਹੀਂ ਸਨ, ਸਗੋਂ ਪਰਉਪਕਾਰੀ ਪੰਥ-ਸੇਵਕ ਵੀ ਸਨ। ਉਹ ਆਪਣੀ ਨੇਕ-ਕਮਾਈ 'ਚੋਂ ਕਈ ਗਰੀਬਾਂ ਦੀ ਮਾਇਕ ਸਹਾਇਤਾ ਕਰਦੇ, ਕਈ ਵਿਧਵਾ-ਇਸਤਰੀਆਂ ਤੇ ਲੋੜਵੰਦ ਬੱਚਿਆਂ ਦੀ ਦੇਖ-ਭਾਲ ਕਰਦੇ। ਖਾਲਸਾ ਸੈਂਟਰਲ ਯਤੀਮਖਾਨਾ ਅੰਮ੍ਰਿਤਸਰ, ਭਾਈ ਵੀਰ ਸਿੰਘ ਬਿਰਧ-ਆਸ਼ਰਮ ਤਰਨਤਾਰਨ ਆਦਿ ਸੰਸਥਾਵਾਂ ਨੂੰ ਦਸਵੰਧ ਦੀ ਰਕਮ ਵਿਚੋਂ ਸਹਾਇਤਾ ਕਰਦੇ। "ਸਪਤਾਹਿਕ ਖਾਲਸਾ ਸਮਾਚਾਰ" ਅਖਬਾਰ ਦੇ ਚੰਦੇ ਆਪਣੇ ਪਾਸੋਂ ਦੇ ਕੇ ਕਈ ਸੰਸਥਾਵਾਂ ਤੇ ਲੋੜਵੰਦ ਵਿਅਕਤੀਆਂ ਲਈ ਅਖਬਾਰ ਜਾਰੀ ਕਰਵਾ ਦਿੰਦੇ। ਉਨ੍ਹਾਂ " ਭਾਈ ਵੀਰ ਸਿੰਘ ਸਾਹਿਤ ਸਦਨ" ਲਈ ਨਿੱਜੀ ਤੌਰ ਤੇ ਗਿਆਰਾਂ ਹਜ਼ਾਰ ਰੁਪਏ ਦੀ ਰਕਮ ਭੇਜੀ ਸੀ।

1969 ਵਿੱਚ, ਗੁਰੂ ਨਾਨਕ ਸਾਹਿਬ ਦੀ ਪੰਜਵੀਂ ਜਨਮ-ਸ਼ਤਾਬਦੀ ਸਮੇਂ, ਪੰਜਾਬ ਸਰਕਾਰ ਨੇ ਇਸ ਜੱਥੇ ਨੂੰ "ਭਾਈ ਮਰਦਾਨਾ" ਪੁਰਸਕਾਰ ਦੇ ਕੇ ਸਨਮਾਨਿਆ ਸੀ। ਇਸ ਜੱਥੇ ਦੇ ਸਤਿਕਾਰਯੋਗ ਭਾਈ ਸਾਹਿਬਾਨ ਨੇ ਆਪ ਨਾਮ ਜੱਪਿਆ, ਸੁੱਚੀ ਕਿਰਤ ਕੀਤੀ ਤੇ ਵੰਡ ਕੇ ਛੱਕਿਆ ਤੇ ਇਸ ਜੱਥੇ ਨੇ ਸੰਗਤਾਂ ਵਿੱਚ ਵੀ ਸਿੱਖੀ ਦੇ ਮੁੱਢਲੇ ਅਸੂਲਾਂ ਦਾ ਪਰਚਾਰ ਕੀਤਾ।

ਇਸ ਜੱਥੇ ਦੇ ਕੀਰਤਨੀਆਂ ਨੇ ਸੱਚੇ-ਸਿੱਖਾਂ ਵਾਲੀ ਨਮੂਨੇ ਦੀ ਰਹਿਣੀ ਬਹਿਣੀ ਰੱਖ ਕੇ ਆਪਣਾ ਜਨਮ ਸਫ਼ਲਾ ਕੀਤਾ। ਗੁਰੂ ਅਰਜਨ ਸਾਹਿਬ ਨੇ ਕੀਰਤਨੀਏ ਦੀ ਜੋ ਪਰਿਭਾਸ਼ਾ ਕਾਇਮ ਕੀਤੀ, "ਭਲੋ ਭਲੋ ਰੇ ਕੀਰਤਨੀਆਂ॥ ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ॥" ਉਹ ਪਰਿਭਾਸ਼ਾ ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ ਦੇ ਜੱਥੇ ਉਤੇ ਐਨ ਢੁੱਕਦੀ ਹੈ।

# Raise the status of the institution of the Head Granthi of a Gurdwara.

Col. A.S. RATTAN (Retd.)*

Man to-day in his present very complex and troubled state is due to imbalance in his material and spiritual aspirations. The spiritual side is totally neglected where as in material aspirations there is no end to what all he wants to grab for himself and his family. And when he does go to Gurdwara for finding some solace, our granthis, who are supposed to be, our spiritual mentors, cannot help us since their own knowledge is restricted to gurmukhi script only. A granthiji can be of great help if he is well educated both in social & world affairs as well as in his own spiritual speher.

What I suggest is that granthis should be highly paid, given best of the cars, a big bunglow to live in. These add to the status. Qualification wise, he should be minimum Masters degree holder in one of the social sciences in addition to Master in Sikhism. Such people may be picked up early and Trained for such exalted positions as that of Granthi. These learned people can then guide individuals as well community as a whole.

There is no dirth of money in any Gurdawara to meet these expenses. However, I suggest, that persons for such high level of education should be picked up by an entrance test. Once accepted they should be looked after under the special cell for such purposes in SGPC.It should be a matter of pride to hold such exalted positions - as a Granthi.

**Sikh Public Schools**

Every Gurdawara should have a public school upto primary level attached to it or run such a school somehwere around the area. These schools should have the highest standard of teaching (like best of the convent schools) through highly qualified teachers employing most modern methods of teaching. The standard of teaching should be, if not better, at least at par with the best of the schools in the town. With the regular studies, there should be a subtle doze of sikhism to the childern. But unlike at present, it should be presented in most 'palatable' form which should induce a sense of pride and pleasure in the minds of young childern. Emphasis should be on valiant side of history and the basic tenets of sikhism believing in oneness of God, humility and the like of it, which are universally accalimed.

I have mentioned " Subtle dose of religious" studies. We generally tend to over do it in such schools and that causes anti thesis in the Children . And the emphasis generally is on peripheral matters rather than the real issues. To my mind these two suggestions are the need of the day to rejuvenate the younger generation of Sikhs. We can show the light to the world but first we have to get our own house in order.

* 228, Sector 16-A, Chandigarh-160016


## ਅੰਮ੍ਰਿਤ ਕੀਰਤਨ ਦਾ ਚੰਦਾ ਭੇਜੋ ਜੀ

ਜੇ ਤੁਸੀਂ ਅਜੇ ਤਕ ਅੰਮ੍ਰਿਤ ਕੀਰਤਨ ਦਾ ਚੰਦਾ ਨਹੀਂ ਭੇਜਿਆ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ। ਆਪ ਦੀ ਮਾਇਕ ਸਹਾਇਤਾ ਨਾਲ ਹੀ ਇਹ ਮੈਗਜ਼ੀਨ ਨਿਰੰਤਰ ਅਤੇ ਨਿਰਵਿਘਨ ਜਾਰੀ ਰਖਿਆ ਜਾ ਸਕਦਾ ਹੈ। ***ਜੇ ਤੁਸੀਂ ਮੈਗਜ਼ੀਨ ਬੰਦ ਕਰਨਾ ਚਾਹੁੰਦੇ ਹੋ ਤਾਂ ਵੀ ਸਾਨੂੰ ਸੂਚਿਤ ਕਰਨ ਦੀ ਖੇਚਲ ਕਰੋ ਜੀ।***

# ਨੋਟੇਸਨ ਵਾਲੇ ਸ਼ਬਦਾ ਦੇ ਅਰਥ

| | | |
|---|---|---|
| ਤਿਲੰਗ ਮਹਲਾ ੫ ਘਰੁ ੨ | Tilang 5th Guru | ਤਿਲੰਗ ਪੰਜਵੀਂ ਪਾਤਿਸ਼ਾਹੀ |
| ਤੁਧੁ ਬਿਨੁ ਦੂਜਾ ਨਾਹੀ ਕੋਇ॥ | Without Thee, there is not any other. | ਤੇਰੇ ਬਾਝੋਂ ਹੋਰ ਕੋਈ ਨਹੀਂ। |
| ਤੂ ਕਰਤਾਰੁ ਕਰਹਿ ਸੋ ਹੋਇ॥ | Thou art the Creator, what Thou doest, that alone happens. | ਤੂੰ ਸਿਰਜਨਹਾਰ ਹੈਂ, ਜੋ ਤੂੰ ਕਰਦਾ ਹੈਂ ਕੇਵਲ ਓਹੀ ਹੁੰਦਾ ਹੈ। |
| ਤੇਰਾ ਜੋਰੁ ਤੇਰੀ ਮਨਿ ਟੇਕ॥ | Thine is the might, and Thine the support within my mind. | ਤੇਰੀ ਹੀ ਸਤਿਆ ਅਤੇ ਤੇਰਾ ਹੀ ਆਸਰਾ ਮੇਰੇ ਚਿਤ ਅੰਦਰ ਹੈ। |
| ਸਦਾ ਸਦਾ ਜਪਿ ਨਾਨਕ ਏਕ॥੧॥ | Ever, ever, dwell thou on the one Lord, O Nanak. | ਹਮੇਸ਼ਾ, ਹਮੇਸ਼ਾ, ਤੂੰ ਹੇ ਨਾਨਕ ਇਕ ਸਾਂਈ ਦਾ ਸਿਮਰਨ ਕਰ। |
| ਸਭ ਊਪਰਿ ਪਾਰਬ੍ਰਹਮੁ ਦਾਤਾਰੁ॥ | Over all is the Beneficent supreme Lord. | ਸਾਰਿਆਂ ਦੇ ਉਤੇ ਦਾਤਾ ਸ਼੍ਰੋਮਣੀ ਸਾਹਿਬ ਹੈ। |
| ਤੇਰੀ ਟੇਕ ਤੇਰਾ ਆਧਾਰੁ ।ਰਹਾਉ॥ | Thou, O Lord art my support and Thou the mainstay. Pause. | ਤੂੰ, ਹੇ ਸਾਂਈਂ ਮੇਰਾ ਆਸਰਾ ਹੈਂ ਅਤੇ ਤੂੰ ਹੀ ਮੇਰੀ ਓਟ। ਠਹਿਰਾਉ। |
| ਹੈ ਤੂ ਹੈ ਤੂ ਹੋਵਨਹਾਰ ॥ ਅਗਮ ਅਗਾਧਿ ਊਚ ਆਪਾਰ॥ | Thou wert, Thou art and Shalt be, O Inaccessible, Incomprehensible, Lofty an Infinite Lord. | ਤੂ ਸੀ, ਤੂੰ ਹੈ ਅਤੇ ਹੋਵੇਗਾ। ਹੇ ਪਹੁੰਚ ਤੋਂ ਪਰੇ, ਅਲਖ, ਬੁਲੰਦ ਅਤੇ ਬੇਅੰਤ ਸੁਆਮੀ। |
| ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ॥ | They who serve Thee; them no dread and distress overtake | ਜੋ ਤੇਰੀ ਟਹਿਲ ਕਮਾਉਂਦੇ ਹਨ, ਉਨ੍ਹਾਂ ਨੂੰ ਕੋਈ ਡਰ ਅਤੇ ਦੁਖੜਾ ਨਹੀਂ ਵਿਆਪਦੇ। |
| ਗੁਰ ਪ੍ਰਸਾਦਿ ਨਾਨਕ ਗੁਣ ਗਾਹਿ॥੨॥ | By Guru's grace, sing they the Lord's praise, O Nanak. | ਗੁਰਾਂ ਦੀ ਦਇਆ ਦੁਆਰਾ, ਉਹ ਸੁਆਮੀ ਦਾ ਜੱਸ ਗਾਇਨ ਕਰਦੇ ਹਨ, ਹੇ ਨਾਨਕ। |
| ਜੋ ਦੀਸੈ ਸੋ ਤੇਰਾ ਰੂਪੁ॥ ਗੁਣ ਨਿਧਾਨ ਗੋਵਿੰਦ ਅਨੂਪ॥ | That what seems is Thine manifestation, O my Beautiful Lord, the Treasure of merit and the Master of universe | ਜੋ ਕੁਛ ਦਿਸ ਆਉਂਦਾ ਹੈ ਤੇਰਾ ਹੀ ਜ਼ਹੂਰ ਹੈ, ਨੇਕੀਆਂ ਦੇ ਖ਼ਜ਼ਾਨੇ ਅਤੇ ਆਲਮ ਦੇ ਮਾਲਕ, ਸੁੰਦਰ ਸੁਆਮੀ। |
| ਸਿਮਰਿ ਸਿਮਰਿ ਸਿਮਰਿ ਜਨ ਸੋਇ॥ | Remembering, remembering, remembering the Lord, His slave becomes like Him. | ਸੁਆਮੀ ਦਾ ਆਰਾਧਨ, ਆਰਾਧਨ ਕਰਨ ਦੁਆਰਾ, ਉਸ ਦਾ ਗੋਲਾ ਉਸ ਦੇ ਵਰਗਾ ਹੋ ਜਾਂਦਾ ਹੈ। |
| ਨਾਨਕ ਕਰਮਿ ਪਰਾਪਤਿ ਹੋਇ॥੩॥ | By his own grace the Lord is obtained, O Nanak. | ਉਸ ਦੀ ਆਪਣੀ ਮਿਹਰ ਦੁਆਰਾ ਸਾਹਿਬ ਪਾਇਆ ਜਾਂਦਾ ਹੈ, ਹੇ ਨਾਨਕ! |
| ਜਿਨਿ ਜਪਿਆਂ ਤਿਸ ਕਉ ਬਲਿਹਾਰ॥ | He who meditates on the Lord, unto Him I am a sacrifice. | ਜੋ ਸਾਹਿਬ ਦਾ ਸਿਮਰਨ ਕਰਦਾ ਹੈ, ਉਸ ਉਤੋਂ ਮੈਂ ਘੋਲੀ ਵੰਞਦਾ ਹਾਂ। |
| ਤਿਸ ਕੈ ਸੰਗਿ ਤਰੈ ਸੰਸਾਰ॥ | In his company, the world is saved. | ਉਸ ਦੀ ਸੰਗਤ ਅੰਦਰ ਜਗਤ ਪਾਰ ਉਤਰ ਜਾਂਦਾ ਹੈ। |
| ਕਹੁ ਨਾਨਕ ਪ੍ਰਭ ਲੋਚਾ ਪੂਰਿ॥ | Says Nanak the Lord is the fulfiller of aspirations. | ਗੁਰੂ ਜੀ ਆਖਦੇ ਹਨ, ਸੁਆਮੀ ਕਾਮਨਾਂ ਪੂਰੀਆਂ ਕਰਨਹਾਰ ਹੈ। |
| ਸੰਤ ਜਨਾ ਕੀ ਬਾਛਉ ਧੂਰਿ॥੪॥੨॥ | I long for the dust of the pious persons feet. | ਮੈਂ ਪਵਿੱਤਰ ਪੁਰਸ਼ਾਂ ਦੇ ਪੈਰਾਂ ਦੀ ਧੂੜ ਦੀ ਚਾਹਨਾ ਕਰਦਾ ਹਾਂ। |

## ਆਸਾ ਕਬੀਰ ਜੀਉ ਕੇ ਚਉਪਦੇ ਇਕ ਤੁਕੇ ॥

| | | |
|---|---|---|
| ਸਨਕ ਸਨੰਦ ਅੰਤੁ ਨਹੀ ਪਾਇਆ ॥ | Sanak and Sanand found not Lord's limit. | ਸਨਕ ਅਤੇ ਸਨੰਦ ਨੂੰ ਸੁਆਮੀ ਦਾ ਓੜਕ ਨਹੀਂ ਲੱਭਾ। |
| ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥ | Brahma wasted away his life by continually reading Vedas. | ਬ੍ਰਹਿਮਾ ਨੇ ਵੇਦਾਂ ਨੂੰ ਲਗਾਤਾਰ ਵਾਚਣ ਦੁਆਰਾ ਆਪਣਾ ਜੀਵਨ ਗਵਾ ਲਿਆ। |
| ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ ਰਹਾਉ ॥ | God's churn, churn thou O my brother steadily churn it, that the butter may not be lost. Pause. | ਰਬ ਦਾ ਰਿੜਕਣ ਤੂੰ ਰਿੜਕ, ਹੇ ਮੇਰੇ ਵੀਰ! ਧੀਰੇ ਧੀਰੇ ਇਸ ਨੂੰ ਰਿੜਕ, ਤਾਂ ਜੋ ਮੱਖਣ ਜਾਂਦਾ ਨਾ ਰਹੇ। ਠਹਿਰਾਉ। |
| ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥ | Make thy body the churing vessel and churn therein with thy mind stick. | ਆਪਣੀ ਦੇਹਿ ਨੂੰ ਚਾਟੀ ਬਣਾ ਅਤੇ ਉਸ ਵਿਚ ਆਪਣੇ ਚਿੱਤ ਦੀ ਮਧਾਣੀ ਨਾਲ ਰਿੜਕ। |
| ਇਸੁ ਮਟੁਕੀ ਮਹਿ ਸਬਦੁ ਸੰਜੋਈ ॥੨॥ | Into this churning-jar, amass the curd of God's Name. | ਇਸ ਚਾਟੀ ਅੰਦਰ ਰਬ ਦੇ ਨਾਮ ਦੇ ਦਹੀਂ ਨੂੰ ਇਕੱਤਰ ਕਰ। |
| ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥ | The Lord's churning is to heartily meditate on Him. | ਸੁਆਮੀ ਦਾ ਰਿੜਕਣਾ, ਦਿਲ ਨਾਲ ਉਸ ਦਾ ਸਿਮਰਨ ਕਰਨਾ ਹੈ। |
| ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥੩॥ | By Guru's grace, man obtains the ambrosial stream. | |
| ਕਹੁ ਕਬੀਰ ਨਦਰਿ ਕਰੇ ਜੇ ਮੀਰਾ ॥ ਰਾਮ ਨਾਮ ਲਗਿ ਉਤਰੇ ਤੀਰਾ ॥੪॥੧॥੧੦॥ | Says Kabir, if the King cast a favourable glance, man gains the younder shore by clinging to the Lord's Name. | ਕਬੀਰ ਆਖਦਾ ਹੈ, ਜੇਕਰ ਪਾਤਸ਼ਾਹ ਮਿਹਰ ਦੀ ਨਿਗ੍ਹਾ ਧਾਰੇ ਤਾਂ ਇਨਸਾਨ ਸੁਆਮੀ ਦੇ ਨਾਮ ਨਾਲ ਜੁੜ ਕੇ ਪਰਲੇ ਕਿਨਾਰੇ ਲਗ ਜਾਂਦਾ ਹੈ। |

## Sri Guru Granth Sahib Vidya Kender
**Andheria Morh, Mehrauli, New Delhi-110 030, Phones : 6802823, 680619**

This institution came into being on 27th January, 1980 at the initiative of Kendri Sri Guru Singh Sabha. The efforts of the institute received valubale support from many individuais, sikh societies and associations.

The management is in the hands of 'Sewaks' under overall supervision of Kendri Sri Guru Singh Sabha. The aims and objects of the institution includes the enrollment of young boys from all sections of Indian Society, develop them into Gursikhs and equip them adequately to carry the universal message of 'Satguru' wherever they go. The kender is a non-political charitable institution and imparts absolutely free education based on the high moral values inbibed in Sri Guru Granth Sahib, the holy scripture. There are about 130 students at present. The kender is a residential educational centre where all the students actually live the life of a gursikh right from the morning ambrosial hours (Amrit Vaila) to the final prayers before going to bed at night. The curriculum includes Punjabi teaching, nitnem, shabad kirtan, gurbani vichar, matric & post matric/ BA education, tailoring, typing and so on. Efferts are on to further improve the self-employed oriented education. Sardar Surjit Singh Barnala, Hon'ble Union Cabinet Minister for Chemical & Fertilizers has laid the foundation stone of the new Computer Section in the ever expending complex of the institution.

The kender has a sound Financial system to manage the finances. The entire collection of funds goes to a Bank account maintained at Punab & Sind Bank, Defence Colony, New Delhi. At the end of financial year, the accounts are audited by qualified Chartered Accountant. The kender is developing fast into a used institution to carry the message of the Guru to the humanity at large.

# ਰਾਗ ਤਿਲੰਗ

## ਸ. ਉਤਮ ਸਿੰਘ

ਥਾਟ-ਖਮਾਜ, ਸੁਰ-ਦੋਵੇਂਨੀ, ਵਰਜਿਤ ਸੁਰ-ਰੇ, ਧ , ਜਾਤੀ-ਔੜਵ, ਸਮਾ - ਦਿਨ ਦਾ ਤੀਜਾ ਪਹਿਰ, ਵਾਦੀ- ਗ, ਸੰਵਾਦੀ-ਨੀ, ਅਰੋਹ - ਸ ਗ ਮ ਪ ਨੀ ਸਂ ॥ , ਅਵਰੋਹ - ਸਂ ਨੁੀ ਪ ਮ ਗ ਮ ਗ - ਸ ॥

ਮੁੱਖ ਅੰਗ - ਗ ਮ ਪ ਨੁੀ ਪ - ਮ ਪ ਮ ਗ ॥

### ਤਾਲ ਰੂਪਕ

| 1 | 2 | 3 | 4 | 5 | 6 | 7 |
|---|---|---|---|---|---|---|
| **ਸਥਾਈ** | | | | | | |
| ਸਂ | ਨੀ | ਸਂ | ਨੁੀ | ਪ | ਗ | ਮ |
| ਸ | ਭ | ਊ | ਪ | ਰ | ਪਾ | ਰ |
| ਗ | ਗ | ਸ | ਗ | ਮ | ਪ ਨੁੀ | ਮ ਪ |
| ਬ੍ਹ | ਮ | ਦਾ | ਤਾ | ऽ | ऽऽ | ऽ ਰ |
| ਸ | ਗ | ਪ | – | – | ਨੀ | ਨੀ |
| ਤੇ | ऽ | ਰੀ | ਟੇ | ऽ | ਕ | ਤੇ |
| ਸਂ | – | ਸਂ | ਨੀ | ਸਂ | ਪ ਨੁੀ | ਮ ਪ |
| ਰਾ | ऽ | ਆ | ਧਾ | ऽ | ऽऽ | ऽ ਰ |
| 0 | | | 1 | | 2 | |
| **ਅੰਤਰਾ** | | | | | | |
| ਗ | ਗ | ਮ | ਪ | – | ਨੀ | – |
| ਤੁ ਧੁ | ਥਿ | ਨੁ | ਦੂ | ऽ | ਜਾ | ऽ |
| ਸਂ | – | ਗਂ ਮਂ | ਗਂ | – | ਸਂ | – |
| ਨਾ | ऽ | ਹੀ | ਕੋ | ऽ | ਇ | ऽ |
| ਸਂ | – | ਸਂ | ਨੀ | ਸਂ | ਨੁੀ | ਪ |
| ਤੂ | ऽ | ਕ ਰ | ਤਾ | ऽ | ਰੁ | ਕ |
| ਮ | – | ਪ | ਮ | – | ਗ | – |
| ਰ ਹਿ | ऽ | ਸੋ | ਹੋ | ऽ | ਇ | ऽ |
| ਗ | ਗ | ਮ | ਪ | – | ਨੀ | – |
| ਤੇ | ऽ | ਰਾ | ਜੋ | ऽ | ਰੁ | ਤੇ |
| ਸਂ | – | ਗਂਮਂ | ਗਂ | – | ਸਂ | – |
| ਰੀ | ऽ | ਮ ਨਿ | ਟੇ | ऽ | ਕ | ऽ |
| ਸ | ਗ | ਪ | – | – | ਨੀ | ਨੀ |
| ਸ | ਦਾ | ਸ | ਦਾ | – | ਜ | ਪਿ |
| ਸਂ | ਸਂ | ਸਂ | ਨੀ | ਸਂ | ਪ ਨੁੀ | ਮ ਪ |
| ਨਾ | ਨ | ਕ | ਏ | ऽ | ਕ ऽ | ऽऽ |

# ਰਾਗ ਆਸਾ

## ਸ. ਉਤਮ ਸਿੰਘ

1. ਸੁਰ- ਸਾਰੇ ਸ਼ੁਧ ਸੁਰ, 2. ਥਾਟ- ਬਿਲਾਵਲ, 3. ਜਾਤੀ- ਔੜਵ-ਸੰਪੂਰਣ
4. ਸਮਾਂ- ਸਵੇਰ ਦਾ 5. ਵਰਜਿਤ ਸੁਰ-ਅਰੋਹ ਵਿਚ ਗ ਅਤੇ ਨੀ
6. ਵਾਦੀ ਸੁਰ-ਮ 7. ਸੰਵਾਦੀ ਸੁਰ-ਸ
8. ਅਰੋਹ-ਸ ਰ ਮ ਪ ਧ ਸਂ, ਅਵਰੋਹ-ਸਂ ਨੀ ਧ ਪ ਮ ਗ ਰ ਸ।

ਸਥਾਈ ਤਾਲ-ਦੀਪ ਚੰਦੀ/ਚੰਚਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਰੇ | ਰੇ | - | ਮ | - | ਮ | - | ਪ | ਪ | - | ਧ | - | ਧ | - |
| ਹ | ਰਿ | - | ਕਾ | ऽ | ਬਿ | ऽ | ਲੋ | ਵ | ऽ | ਨਾ | ऽ | ਬਿ | ऽ |
| ਸਂ | ਸਂ | - | ਸਂ | - | ਰੇਂ | - | ਸਂ | ਨੀ | - | ਧ | - | ਪ | - |
| ਲੋ | ਵ | ਹੁ | ਮੇ | ऽ | ਰੇ | ऽ | ਭਾ | ऽ | ऽ | ਈ | ऽ | ऽ | ऽ |
| ਧ | ਧ | - | ਧ | - | ਧ | - | ਪ | ਧ | ਸਂ | ਧ | ऽ | ਪ | - |
| ਸ | ਹ | ऽ | ਜਿ | ऽ | ਬਿ | ऽ | ਲੋ | ਵ | ਹੁ | ਜੈ | ऽ | ਸੇ | ऽ |
| ਪ | ਪ | - | ਧ | - | ਪ | - | ਮ | ਗ | - | ਰੇ | - | ਸ | - |
| ਤ | ਤੁ | ऽ | ਨ | ऽ | ऽ | ऽ | ਜਾ | ऽ | ऽ | ਈ | ऽ | ऽ | ऽ |
| × | | | 2 | | | | 0 | | | 3 | | | |

ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਪ | - | ਪ | - | ਧ | - | ਸਂ | ਸਂ | - | ਸਂ | - | ਸਂ | - |
| ਸ | ਨ | ऽ | ਕ | ऽ | ਸ | ऽ | ਨੰ | ऽ | ऽ | ਦ | ऽ | ऽ | ऽ |
| ਸਂ | ਸਂ | - | ਗਂ | - | ਰੇਂ | - | ਸਂ | ਨੀ | - | ਧ | - | ਪ | - |
| ਅੰ | ਤੁ | ऽ | ਨ | ऽ | ਹੀ | ऽ | ਪਾ | ऽ | ऽ | ਇਆ | ऽ | ऽ | ऽ |
| ਧ | ਧ | - | ਧ | - | ਧ | - | ਪ | ਧ | ਸਂ | ਧ | - | ਪ | - |
| ਬੇ | ऽ | ऽ | ਦ | ऽ | ऽ | ਪ | ੜੇ | ऽ | ਪੜਿ | ਬ੍ਹ | ऽ | ਮੇ | ऽ |
| ਪ | ਪ | - | ਧ | - | ਪ | - | ਮ | ਗ | - | ਰੇ | - | ਸ | - |
| ਜ | ਨ | ऽ | ਮੁ | ऽ | ਗ | ऽ | ਵਾ | ऽ | ऽ | ਇਆ | ऽ | ऽ | ऽ |
| × | | | 2 | | | | 0 | | | 3 | | | |

# ਸੰਗੀਤ - ਲਿਪੀ - ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ। |
| ਧ̲ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ। |
| ਮ' | ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ। |
| ਪ̣/ਧ̣ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ। |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ। |
| ਪ- | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ(-) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ। |
| ਸ਼ਾਂS | ਜਿਸ ਅੱਖਰ ਅੱਗੇ ਜਿੰਨੇ S ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ। |
| ਮ ਪ | ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ। |

X O 1 2 3 Xਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।

ਮੰਦਰ ਸਪਤਕ | ਮੱਧ ਸਪਤਕ | ਤਾਰ ਸਪਤਕ

ਰੇ̣ ਗ̣ ਮ̣' ਧ̣ ਨੀ̣ | ਰੇ ਗ ਮ' ਧ ਨੀ | ਰੇਂ ਗਂ ਮਂ' ਧਂ ਨੀਂ | ਰੇਂ




ਸ̣ ਰੇ̣ ਗ̣ ਮ̣ ਪ̣ ਧ̣ ਨੀ̣ | ਸ ਰੇ ਗ ਮ ਪ ਧ ਨੀ | ਸਂ ਰੇਂ ਗਂ ਮਂ ਪਂ ਧਂ ਨੀਂ | ਸਂ

ਨੀਚੀ ਆਵਾਜ਼ | ਦਰਮਿਆਨੀ ਆਵਾਜ਼ | ਉਚੀ ਆਵਾਜ਼

# ਗੁਰਮੁਖ ਢੂਢ ਢੂਢੇਦਿਆਂ

## (Free Matrimonial Service)

❑: Suitable Computer Professional Girl For Bachelor Sikh boy, Slim, (33.5- 6'1.5") Nontrimmer, non-drinker, masters in computers, Australia settled, sr. position MNC (Sydney). ***Box-0019***

❑ : Suitable Homely Arora Sikh Match For Graduate businessman (29 - 5'9") Contact ***Box 0020***

❑: Suitable sweet natured well settled businessman/ executive in well established concern Gursikh match for fair, slim, beautiful, intelligent & sweet natured Arora Girl (27-5'5") convent educated, P.U. Graduated, Diploma Textile Designing, Interior Decoration & Beauty Culture, Contact ***Box 0021***

❑: Suitable Non-Drinker Non-Trimmer Match for Slim, Beautiful, Fair Complexion Kamboj Graduate Girl (22-5'4") Father Civilian Defence Officer, Elder Brother Doctor Practising Mohali, Contact ***Box No. 0022***

❑: Sutiable Non-Drinker, Non-Trimmer Gursikh Match Around Chandigarh for Batra, Amrit Dhari Girl (25-5') M.A. Music (V) P.U. 1996 Serving Pb. Govt., Chandigarh Can recite Kirtan Father: Senior Acct. in Private Concern. Mother Homely Religious Lady Contact ***Box No. 023***

❑: Suitable Match for Graduate Arora Bajaj Boy (30-5'5") Serving Private Refined Oil Company Karnal, Contact ***Box No. 0024***

❑: Suitable Non-Drinker, Non-Trimmer, Business Man well Settled Khatri Match For under Graduate Chadha Girl (23½-5' 2") Father Bank Officer Posted Kanpur, Grand Parents From Patiala Boy Around Patiala Preferred Contact ***Box No. 0025***

❑:Suitable Match for Bedi Sikh Girl (26-5'4"), Slim, M.A.L.L.B. Running internship. Serving in College in Chandigarh ***Box No. 0025 A***

❑: Suitable Match for Arora Sikh Girl (45-5'2") M.A. M.Ed. Lecturer in Music in Govt. School Contact ***Box No. 0026***

❑: Suitable Match for B.A, B.Ed Girl (31-5' 2") Running Beauty Parlour Contact ***Box No. 0027***

❑: Suitable Chandigarh/ Mohali/ Panchkula well settled professional Khatri/ Arora Gursikh male match for a Chandok DHMS Girl (22-5'3"). Two elder sisters both well settled in reputed families. Contact ***Box No. 0028***

❑: Suitable Gursikh Non-Trimmer Educated male match with status for an Ahluwalia Post Graduate bank executive, sweet and pleasing, soft spoken, earning handsome emoluments (29-5'5") Father Police officer at present in USA Contact ***Box No. 0029***

❑: Suitable Homely Gursikh Khatri Slim Match for a Behl (10+2) I.T.I (Electrical) diploma holder businessman at Chandigarh (24½-5'8"), father retired JCO at present with govt. blood bank, Delhi, elder brother married, serving govt. medical college, Chandigarh, Contact ***Box No. 0030***

❑: Suitable Gursikh male match for smart, attractive, wheatish complexion, well behaved, pleasing manners, pleasant nature, born artist, with melodious voice, (35-5'4") Ph.d, Lecturer Music (University) Contact ***Box No. 0031***

❑: Well qualified, religious, homely smart female match for Delhi based Gursikh Arora Architect, (28-5'4"), Wheatish complexion, Smart, Sober, Intelligent, Well Mannered, Non-Drinker, with Pleasing Personality. Contact ***Box No. 0032***

❑: Well Qualified Suitable male Match for DHMS Doctor (32-5'2") Legally divorced, serving at Mohali, Father retired PSAS, Contact ***Box No. 0033***

**Contact: H.B.S. Chopra 1246, Sector 22-B, Chandigarh**

# 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ

'ਅੰਮ੍ਰਿਤ ਕੀਰਤਨ' ਤੁਹਾਡੀ ਮਾਇਕ ਸਹਾਇਤਾ ਅਤੇ ਅਗਵਾਈ ਸਦਕਾ ਹੀ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ। ਆਪ ਆਪਣੀ ਮਾਇਆ 'ਅੰਮ੍ਰਿਤ ਕੀਰਤਨ ਟਰਸਟ' ਦੇ ਨਾਮ ਭੇਜਣ ਦੀ ਕ੍ਰਿਪਾ ਕਰੋ। ਪਿਛਲੇ ਮਹੀਨੇ ਹੇਠ ਲਿਖੇ ਸਹਿਯੋਗੀਆਂ ਨੇ ਮਾਇਕ ਸਹਾਇਤਾ ਭੇਜੀ ਹੈ। ਉਹਨਾਂ ਦਾ ਬਹੁਤ ਬਹੁਤ ਧੰਨਵਾਦ।

ਸੁਖਵਿੰਦਰ ਕੌਰ ਮੂਨਕ ਕਲਾ ਜ਼ਿਲਾ ਹੁਸ਼ਿਆਰਪੁਰ 50 ਰੁ./ ਰੁਪਿੰਦਰ ਕੌਰ ਰੋਮਾਣਾ ਅਜੀਤ ਸਿੰਘ 50 ਰੁ. / ਲਖਵੀਰ ਸਿੰਘ ਦੁਲੇ ਲੁਧਿਆਣਾ 50 ਰੁ. / ਹਰਭਜਨ ਸਿੰਘ ਵਸੰਤ ਕੁੰਜ ਨਵੀਂ ਦਿਲੀ 100 ਰੁ. / ਡਾ. ਮ. ਸ. ਘੁੰਮਣ ਮੁਹਾਲੀ 100 ਰੁ . / ਡਾ. ਤਿਰਲੋਚਨ ਸਿੰਘ ਤਰਸੀ, ਮੁਹਾਲੀ 100 ਰੁ. / ਗੁਰੂ ਨਾਨਕ ਵੀ ਬੀ ਟੀ ਪੌਲੀਟੈਕਨਿਕ ਮੁਹਾਲੀ 100 ਰੁ. / ਸ. ਈਸ਼ਰ ਸਿੰਘ ਭੁਪਾਲ 500 ਰੁ. / ਮਿਸਜ਼ ਅਜੀਤ ਕੌਰ ਚੰਡੀਗੜ੍ਹ 100 ਰੁ./ ਸ. ਹਰਵਿੰਦਰ ਸਿੰਘ ਚਾਵਲਾ 50 ਰੁ. / ਸ. ਗੁਰਨਾਮ ਸਿੰਘ ਦਕੋਹਾ 50 ਰੁ. / ਸ. ਮੰਗਲ ਸਿੰਘ, ਜਲੰਧਰ 100 ਰੁ. / ਸ. ਕਰਨੈਲ ਸਿੰਘ ਜਲੰਧਰ 100 ਰੁ. / ਸੇਵਕ ਚੈਰੀਟੇਬਲ ਟ੍ਰਸਟ 100 ਰੁ. / ਮਿਸਜ਼ ਦਿਲਜੰਗ ਸਿੰਘ ਜੌਹਰ ਚੰਡੀਗੜ੍ਹ 500 ਰੁ. / ਸ. ਸੁਰਜੀਤ ਸਿੰਘ, ਅੰਮ੍ਰਿਤਸਰ 100 ਰੁ. / ਪ੍ਰਿੰ. ਗੁਰਮੁਖ ਸਿੰਘ ਬਾਸੀਆਂ ਇੰਗਲੈਂਡ 500 ਰੁ./ ਸ. ਦਲਜਿੰਦਰ ਸਿੰਘ, ਇੰਗਲੈਂਡ 5000 ਰੁ.

**ਸਾਡੇ ਨਵੇਂ ਲਾਈਫ ਮੈਂਬਰ**

ਸ. ਦਲਜਿੰਦਰ ਸਿੰਘ, ਅਜੈਕਸ ਮਿਨਰਵਾ ਲਿਮਟਡ, ਬਰੈਡਫੋਰਡ, ਵੈਸਟ ਯਾਰਕਸ਼ਾਇਰ, ਇੰਗਲੈਂਡ

Donations made to Amrit Kirtan Trust are eligible for exemption Under Section 80G of the Income Tax Act, 1961, upto 31.3.99, Vide Order No. CIT/PRO/PTA/80G/ 97-98 dated 3/7-7-1997 issued by the CIT Patiala


## ਗੁਰਮਤਿ ਸੰਗੀਤ ਵਿਸ਼ੇਸ਼ ਅੰਕ

ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ- ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ।

**ਮਿਲਣ ਦਾ ਪਤਾ:- ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ**

ਆਸਾੜੁ ਭਲਾ, ਸੂਰਜੁ ਗਗਨਿ ਤਪੈ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥
ਅਗਨਿ ਰਸੁ ਸੋਖੈ, ਮਰੀਐ ਧੋਖੈ,
ਭੀ ਸੋ ਕਿਰਤੁ ਨ ਹਾਰੇ॥
ਰਥੁ ਫਿਰੈ, ਛਾਇਆ ਧਨ ਤਾਕੈ,
ਟੀਡੁ ਲਵੈ ਮੰਝਿ ਬਾਰੇ॥
ਅਵਗਣ ਬਾਧਿ ਚਲੀ, ਦੁਖੁ ਆਗੈ,
ਸੁਖੁ ਤਿਸੁ ਸਾਚੁ ਸਮਾਲੇ॥
ਨਾਨਕ ਜਿਸ ਨੋ ਇਹੁ ਮਨੁ ਦੀਆ
ਮਰਣੁ ਜੀਵਣੁ ਪ੍ਰਭ ਨਾਲੇ॥੮॥

## ਗੁਰਪੁਰਬ

ਪਾ. ੬ ਅਵਤਾਰ ਧਾਰਿਆ ੧੧ ਜੂਨ

## ਦਿਨ ਦਿਹਾਰ ਤੇ ਛੁੱਟੀਆਂ

ਨਿਰਜਲਾ ਇਕਾਦਸ਼ੀ ੫ ਜੂਨ
ਬਰਸੀ ਮਹਾਰਾਜਾ ਰਣਜੀਤ ਸਿੰਘ ੨੯ ਜੂਨ


## ਹਰਮੋਨੀਅਮ ਪ੍ਰਾਪਤ ਕਰੋ

ਚੰਗੇ ਹਰਮੋਨੀਅਮ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਐਚ. ਐਮ. 74, ਫੇਜ 3ਬੀ1
ਮੁਹਾਲੀ
ਫੋਨ-220747


## ਜੂਨ 1998

| | | | |
|---|---|---|---|
| ਸੰਮਤ ਬਿਕ੍ਰਮੀ 2055 | ਪੰਚਮੀ | 29 | ਜੂਨ |
| ਸੰਮਤ ਨਾਨਕਸ਼ਾਹੀ 529 | ਪੂਰਨਮਾਸ਼ੀ | 10 | ਜੂਨ |
| ਸੰਮਤ ਖਾਲਸਾ 300 | ਸੰਗ੍ਰਾਂਦ | 15 | ਜੂਨ |
| ਸੰਮਤ ਸਾਕਾ 1920 | ਮੱਸਿਆ | 24 | ਜੂਨ |

| | | | | | |
|---|---|---|---|---|---|
| ਐਤ SUN | ☆ | 7<br>25 ਜੇਠ<br>ਜੇਠ ਸੁਦੀ12 | 14<br>32 ਜੇਠ<br>ਹਾੜ ਵਦੀ 4 | 21<br>7 ਹਾੜ<br>ਹਾੜ ਵਦੀ 12 | 28<br>14 ਹਾੜ<br>ਹਾੜ ਸੁਦੀ 4 |
| ਸੋਮ MON | 1<br>19 ਜੇਠ<br>ਜੇਠ ਸੁਦੀ7 | 8<br>26 ਜੇਠ<br>ਜੇਠ ਸੁਦੀ13 | 15<br>1 ਹਾੜ<br>ਹਾੜ ਵਦੀ 5 | 22<br>8 ਹਾੜ<br>ਹਾੜ ਵਦੀ 13 | 29<br>15 ਹਾੜ<br>ਹਾੜ ਸੁਦੀ 5 |
| ਮੰਗਲ TUE | 2<br>20 ਜੇਠ<br>ਜੇਠ ਸੁਦੀ8 | 9<br>27 ਜੇਠ<br>ਜੇਠ ਸੁਦੀ14 | 16<br>2 ਹਾੜ<br>ਹਾੜ ਵਦੀ 6-7 | 23<br>9 ਹਾੜ<br>ਹਾੜ ਵਦੀ 14 | 30<br>16 ਹਾੜ<br>ਹਾੜ ਸੁਦੀ 6 |
| ਬੁਧ WED | 3<br>21 ਜੇਠ<br>ਜੇਠ ਸੁਦੀ9 | 10<br>28 ਜੇਠ<br>ਪੂਰਨਮਾਸ਼ੀ | 17<br>3 ਹਾੜ<br>ਹਾੜ ਵਦੀ 8 | 24<br>10 ਹਾੜ<br>ਮੱਸਿਆ | ☆ |
| ਵੀਰ THU | 4<br>22 ਜੇਠ<br>ਜੇਠ ਸੁਦੀ10 | 11<br>29 ਜੇਠ<br>ਹਾੜ ਵਦੀ 1 | 18<br>4 ਹਾੜ<br>ਹਾੜ ਵਦੀ 9 | 25<br>11 ਹਾੜ<br>ਹਾੜ ਸੁਦੀ 1 | ☆ |
| ਸ਼ੁਕਰ FRI | 5<br>23 ਜੇਠ<br>ਜੇਠ ਸੁਦੀ 11 | 12<br>30 ਜੇਠ<br>ਹਾੜ ਵਦੀ 2 | 19<br>5 ਹਾੜ<br>ਹਾੜ ਵਦੀ 10 | 26<br>12 ਹਾੜ<br>ਹਾੜ ਸੁਦੀ 2 | ☆ |
| ਸ਼ਨੀ SAT | 6<br>24 ਜੇਠ<br>ਜੇਠ ਸੁਦੀ12 | 13<br>31 ਜੇਠ<br>ਹਾੜ ਵਦੀ 3 | 20<br>6 ਹਾੜ<br>ਹਾੜ ਵਦੀ 11 | 27<br>13 ਹਾੜ<br>ਹਾੜ ਸੁਦੀ 3 | ☆ |


## ਸਾਡਾ ਵਿਰਸਾ ਸਾਡਾ ਗੌਰਵ

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਪਤਾ:- ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002


**ਅਰਥ:**- (ਜਦੋਂ) ਹਾੜ ਮਹੀਨਾ ਚੰਗਾ ਜਾਪਨ ਵਿਚ ਹੁੰਦਾ ਹੈ, ਆਕਾਸ਼ ਵਿਚ ਸੂਰਜ ਤਪਦਾ ਹੈ। (ਜਿਉਂ ਜਿਉਂ ਸੂਰਜ ਧਰਤੀ ਦੀ ਨਮੀ ਨੂੰ) ਸੁਕਾਂਦਾ ਹੈ, ਧਰਤੀ ਦੁੱਖ ਸਹਾਰਦੀ ਹੈ (ਧਰਤੀ ਦੇ ਜੀਅ-ਜੰਤ ਔਖੇ ਹੁੰਦੇ ਹਨ), ਧਰਤੀ ਅੱਗ (ਵਾਂਗ) ਭਖਦੀ ਹੈ। (ਸੂਰਜ) ਅੱਗ (ਵਾਂਗ) ਪਾਣੀ ਨੂੰ ਸੁਕਾਂਦਾ ਹੈ, (ਹਰੇਕ ਦੀ ਜਿੰਦ) ਤ੍ਰਾਹ ਤ੍ਰਾਹ ਕੇ ਦੁਖੀ ਹੁੰਦੀ ਹੈ, ਫਿਰ ਭੀ ਸੂਰਜ ਆਪਣਾ ਕਰਤੱਬ ਨਹੀਂ ਛੱਡਦਾ (ਕਰੀ ਜਾਂਦਾ ਹੈ)। (ਸੂਰਜ ਦਾ) ਰਥ ਚੱਕਰ ਲਾਂਦਾ ਹੈ, ਕਮਜ਼ੋਰ ਜਿੰਦ ਕਿਤੇ ਛਾਂ ਦਾ ਆਸਰਾ ਲੈਂਦੀ ਹੈ, ਬੀਂਡਾ ਭੀ ਬਾਹਰ ਜੂਹ ਵਿਚ (ਰੁੱਖ ਦੀ ਛਾਵੇਂ) ਟੀਂ ਟੀਂ ਪਿਆ ਕਰਦਾ ਹੈ (ਹਰੇਕ ਜੀਵ ਤਪਸ਼ ਤੋਂ ਜਾਨ ਲੁਕਾਂਦਾ ਦਿੱਸਦਾ ਹੈ)।

(ਅਜੇਹੀ ਮਾਨਸਕ ਤਪਸ਼ ਦਾ) ਦੁੱਖ ਉਸ ਜੀਵ-ਇਸਤ੍ਰੀ ਦੇ ਸਾਹਮਣੇ (ਭਾਵ, ਜੀਵਨ-ਸਫਰ-ਵਿਚ) ਮੌਜੂਦ ਰਹਿੰਦਾ ਹੈ, ਜੋ ਮੰਦੇ ਕਰਮਾਂ (ਦੀ ਪੰਡ ਸਿਰ ਉਤੇ) ਬੰਨ੍ਹ ਕੇ ਤੁਰਦੀ ਹੈ। ਆਤਮਕ-ਆਨੰਦ ਸਿਰਫ ਉਸ ਨੂੰ ਹੈ ਜੋ ਸਦਾ-ਥਿਰ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਟਿਕਾ ਰੱਖਦੀ ਹੈ, ਪ੍ਰਭੂ ਨਾਲ ਉਸ ਦਾ ਸਦੀਵੀ ਸਾਥ ਬਣ ਜਾਂਦਾ ਹੈ (ਉਸ ਨੂੰ ਹਾੜ ਦੀ ਕਹਰ ਦੀ ਤਪਸ਼ ਵਰਗਾ ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ)।

ਭਾਵ :- ਜਿਹੜਾ ਮਨੁੱਖ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹੈ, ਉਸ ਨੂੰ ਇਸ ਜੀਵਨ-ਸਫਰ ਵਿਚ ਹਾੜ ਦੀ ਕਹਰ ਦੀ ਤਪਸ਼ ਵਰਗਾ ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ।

**ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।**

# ਅੰਮ੍ਰਿਤ ਵਰਖਾ

ਪੇਸ਼ ਕਰਦੇ ਹਨ:

ਡਾ. ਜਾਗੀਰ ਸਿੰਘ ਜੀ ਦੀ ਆਵਾਜ਼ ਵਿਚ

ਗੁਰਬਾਣੀ ਕੀਰਤਨ ਦੀਆਂ ਕੈਸਟਾਂ

- ਸਾਵਣ ਆਇਆ
- ਤੇਰਾ ਕੀਆ ਮੀਠਾ ਲਾਗੈ
- ਦਲ ਭੰਜਨ ਗੁਰ ਸੂਰਮਾ
- ਹਉ ਬਲਿਹਾਰੇ ਜਾਉ
- ਜਿਉ ਰਾਖਹਿ ਤਿਉ ਰਹੀਐ
- ਜਪਿ ਮਨ ਸਤਿਨਾਮ
- ਭਜਉ ਗੋਬਿੰਦ (MVI)
- ਥੰਮੇ ਕੋਇ ਨ ਸਾਧ ਬਿਨ (MVI)
- ਬਿਨ ਦਰਸਨ ਕੈਸੇ ਜੀਵਉ
- ਪਾਠ-ਸ੍ਰੀ ਜਪੁਜੀ ਸਾਹਿਬ, ਰਹਿਰਾਸ਼ ਸਾਹਿਬ ਤੇ ਸੋਹਿਲਾ
- ਮੇਰੇ ਲਾਲ ਜੀਓ
- ਸੋ ਕਿਉ ਵਿਸਰੈ
- ਬਾਬੀਹਾ ਅੰਮ੍ਰਿਤ ਵੇਲੇ ਬੋਲਿਆ
- ਪੂਤਾ ਮਾਤਾ ਕੀ ਆਸੀਸ
- ਤੇਰੇ ਮੁਖੁ ਸੁਹਾਵਾ
- ਦੇਹ ਸਿਵਾ ਬਰ ਮੋਹਿ ਇਹੈ
- ਸਭ ਬਿਧਿ ਤੁਮ ਹੀ ਜਾਨਤੇ (T Series)
- ਭਾਗ ਹੋਆ ( Indian Melodies)
- ਪਾਠ-ਸ੍ਰੀ ਸੁਖਮਨੀ ਸਾਹਿਬ
- ਪਾਠ-ਪੰਜ ਬਾਣੀਆਂ ਤੇ ਬਾਰਹਮਾਹ

ਨੋਟ: ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਹੇਠ ਲਿਖੇ ਸਥਾਨਾਂ ਤੋਂ ਮਿਲ ਸਕਦੀਆਂ ਹਨ। ਚੰਡੀਗੜ੍ਹ ਵਿਚ ਜੋ ਆਪ ਘਰ ਬੈਠਿਆਂ ਕੀਰਤਨ ਟੇਪਾਂ ਚਾਹੁੰਦੇ ਹੋ ਤਾਂ ਫ਼ੋਨ: 772660 ਅਤੇ 45452 ਕਰਨ ਦੀ ਕਿਰਪਾ ਕਰੋ।

| ਅੰਮ੍ਰਿਤ ਕੀਰਤਨ ਟ੍ਰਸਟ | ਅੰਮ੍ਰਿਤ ਵਰਖਾ |
|---|---|
| 422, ਸੈਕਟਰ 15-A | 7/1, ਵੈਸਟ ਪਟੇਲ ਨਗਰ, |
| ਚੰਡੀਗੜ੍ਹ-160015 | ਨਵੀਂ ਦਿੱਲੀ |
| ਫੋਨ-722660 | ਫੋਨ : 5742058 |

Registration No.
Chandigarh Division / 52 / 98
RNI Regd. No. 46788/89
ISSN-002045

BOOK POS[T]
(Printed Matter)
To

*If undelivered please return to:*
**AMRIT KIRTAN TRUST** (Regd.)
422, Sector 15-A, Chandigarh - 160 015
Phone : 0172 - 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 6 ਸਾਲ ਦਸਵਾਂ ਜੂਨ 1998

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।